### ਅਧਿਆਇ 28

# ਪਰਮੇਸ਼ੁਰ ਦਾ ਦਰਸ਼ਣ ਅਤੇ ਇੱਕ ਸੁੱਖਣਾ

27:46 ਵਿਚ, ਰਿਬਕਾਹ ਨੇ ਇਸ ਗੱਲ ਵਿਚ ਆਪਣੀ ਚਿੰਤਾ ਨੂੰ ਇਸਹਾਕ ਦੇ ਸਾਹਮਣੇ ਵਿਅਕਤ ਕੀਤਾ ਕਿ ਹੋ ਸਕਦਾ ਹੈ ਕਿ ਯਾਕੂਬ "ਹੇਤ ਦੀਆਂ ਧੀਆਂ" (ਇੱਕ ਹਿੱਤੀ; ਵੇਖੋ 23:10 ਨੂੰ) ਵਿਚੋਂ ਕਿਸੇ ਨਾ ਵਿਆਹ ਕਰ ਲਵੇ, ਜੋ ਕਨਾਨ ਵਿਚ ਰਹਿੰਦੀਆਂ ਸਨ। ਏਸਾਓ ਨੇ ਇਨ੍ਹਾਂ ਇਸਤਰੀਆਂ ਦੇ ਵਿਚੋਂ ਦੋ ਨਾਲ ਵਿਆਹ ਕੀਤਾ ਸੀ, ਅਤੇ ਉਹ ਉਸ ਦੇ ਮਾਤਾ-ਪਿਤਾ ਦੇ ਲਈ "ਕੁੜੱਤਣ" ਲਿਆਈਆਂ ਸਨ (26:34, 35)। ਰਿਬਕਾਹ ਨੇ ਸ਼ਿਕਾਇਤ ਕੀਤੀ ਕਿ ਜੇਕਰ ਉਸ ਦੇ ਛੋਟੇ ਪੁੱਤਰ ਨੇ ਵੀ ਇੱਕ ਮੂਰਤੀਪੂਜਕ ਪਤਨੀ ਨੂੰ ਚੁਣ ਲਿਆ ਤਾਂ ਉਸ ਦਾ ਜੀਵਨ ਜੀਉਣ ਦੇ ਲਾਇਕ ਨਹੀਂ ਰਹੇਗਾ।

ਹਾਲਾਂਕਿ ਸਪੱਸ਼ਟ ਰੂਪ ਵਿਚ ਉਹ ਆਪਣੇ ਵੱਡੇ ਪੁੱਤਰ ਦੇ ਵਿਆਹਾਂ ਤੋਂ ਨਾਰਾਜ਼ ਸੀ, ਰਿਬਕਾਹ ਉਸ ਨੂੰ ਤੁਰੰਤ ਭੇਜ ਦੇਣਾ ਚਾਹੁੰਦੀ ਸੀ ਇਸ ਦਾ ਮੁੱਖ ਕਾਰਣ ਸੀ ਕਿ ਉਸ ਨੂੰ ਡਰ ਸੀ ਕਿ ਏਸਾਓ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਭਰਾ ਨੂੰ ਮਾਰ ਦੇਣ ਦੀ ਧਮਕੀ ਦੇਵੇਗਾ (27:41, 42)। ਆਪਣੀ ਬਰਕਤ ਦੇ ਚੋਰੀ ਕਰ ਲਏ ਜਾਣ ਦੇ ਕਾਰਣ ਏਸਾਓ ਨੇ ਬਦਲਾ ਲੈਣ ਦੀ ਮੰਗ ਕੀਤੀ ਸੀ, ਜਿਸ ਨੂੰ ਯਾਕੂਬ ਨੇ ਧੋਖੇ ਦੇ ਨਾਲ ਲੈ ਲਿਆ ਸੀ, ਅਤੇ ਰਿਬਕਾਹ ਨੇ ਉਸ ਦੀ ਪੂਰੀ-ਪੂਰੀ ਮਦਦ ਕੀਤੀ ਸੀ।

## ਯਾਕੂਬ ਦੇ ਹਾਰਾਨ ਜਾਣ ਤੋਂ ਪਹਿਲਾਂ ਉਸ ਨੂੰ ਇਸਹਾਕ ਦਾ ਹੁਕਮ (28:1-5)

**1ਤਾਂ ਇਸਹਾਕ ਨੇ ਯਾਕੂਬ ਨੂੰ ਬੁਲਾਇਆ ਅਰ ਉਸ ਨੂੰ ਬਰਕਤ ਦਿੱਤੀ ਅਰ ਏਹ ਆਖ ਕੇ**
**ਉਸ ਨੂੰ ਹੁਕਮ ਦਿੱਤਾ ਕਿ ਤੂੰ ਕਨਾਨੀ ਧੀਆਂ ਵਿੱਚੋਂ ਤੀਵੀਂ ਨਾ ਕਰੀਂ। 2ਉੱਠ ਪਦਨ ਅਰਾਮ ਨੂੰ**
**ਆਪਣੇ ਨਾਨੇ ਬਥੂਏਲ ਦੇ ਘਰ ਜਾਹ ਅਰ ਉੱਥੋਂ ਆਪਣੇ ਮਾਮੇ ਲਾਬਾਨ ਦੀਆਂ ਧੀਆਂ ਵਿੱਚੋਂ ਇੱਕ**
**ਆਪਣੇ ਲਈ ਤੀਵੀਂ ਵਿਆਹ ਲਈਂ। 3ਅਤੇ ਸਰਬ ਸ਼ਕਤੀਮਾਨ ਪਰਮੇਸ਼ੁਰ ਤੈਨੂੰ ਬਰਕਤ ਦੇਵੇ**
**ਅਰ ਤੈਨੂੰ ਫਲਵੰਤ ਬਣਾਵੇ ਅਰ ਤੈਨੂੰ ਵਧਾਵੇ ਅਰ ਤੂੰ ਬਹੁਤ ਕੌਮਾਂ ਦਾ ਦਲ ਹੋਵੇਂ। 4ਅਤੇ ਉਹ**
**ਤੈਨੂੰ ਅਬਰਾਹਾਮ ਦੀ ਬਰਕਤ ਅਤੇ ਤੇਰੇ ਨਾਲ ਤੇਰੀ ਅੰਸ ਨੂੰ ਵੀ ਦੇਵੇ ਤਾਂ ਜੋ ਤੂੰ ਆਪਣੀ**
**ਮੁਸਾਫਰੀ ਦੇ ਦੇਸ ਨੂੰ ਜਿਹੜਾ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਿੱਤਾ ਵਿਰਸੇ ਵਿੱਚ ਕਰੇਂ। 5ਸੋ**
**ਇਸਹਾਕ ਨੇ ਯਾਕੂਬ ਨੂੰ ਤੋਰ ਦਿੱਤਾ ਅਰ ਉਹ ਪਦਨ ਅਰਾਮ ਵਿੱਚ ਲਾਬਾਨ ਦੇ ਕੋਲ ਗਿਆ**

**ਜਿਹੜਾ ਅਰਾਮੀ ਬਥੂਏਲ ਦਾ ਪੁੱਤ੍ਰ ਅਰ ਯਾਕੂਬ ਅਰ ਏਸਾਓ ਦੀ ਮਾਤਾ ਰਿਬਕਾਹ ਦਾ ਭਰਾ ਸੀ।**

**ਆਇਤਾਂ 1, 2. ਇਸਹਾਕ ਨੇ ਯਾਕੂਬ ਨੂੰ** ਆਪਣੇ ਕੋਲ **ਬੁਲਾਇਆ**; ਅਤੇ ਰਿਬਕਾਹ ਦੀ ਇੱਛਾ ਦੇ ਅਨੁਸਾਰ, ਉਸ ਨੇ **ਉਸ ਨੂੰ ਬਰਕਤ ਦਿੱਤੀ ਅਤੇ ਏਹ ਆਖ ਕੇ ਉਸ ਨੂੰ** ਗੰਭੀਰਤਾ ਦੇ ਨਾਲ **ਹੁਕਮ ਦਿੱਤਾ ਕਿ ਤੂੰ ਕਨਾਨੀ ਧੀਆਂ ਵਿੱਚੋਂ ਤੀਵੀਂ ਨਾ ਕਰੀਂ**। ਇਸ ਦੀ ਬਜਾਇ, ਉਸ ਨੇ ਆਪਣੇ ਛੋਟੇ ਪੁੱਤਰ ਨੂੰ ਕਿਹਾ **ਉੱਠ** ਹਾਰਾਨ (27:43; 28:10) ਵਿਚ **ਪਦਨ ਅਰਾਮ**[1] ਨੂੰ ਰਿਬਕਾਹ ਦੇ ਪਿਤਾ **ਬਥੂਏਲ ਦੇ ਘਰ ਜਾਹ ਅਰ ਉੱਥੋਂ ਆਪਣੇ ਮਾਮੇ ਲਾਬਾਨ ਦੀਆਂ ਧੀਆਂ ਵਿੱਚੋਂ ਇੱਕ ਆਪਣੇ ਲਈ ਤੀਵੀਂ ਵਿਆਹ ਲਈਂ**। ਇਸਹਾਕ ਦੇ ਦੁਆਰਾ ਦਿੱਤੇ ਗਏ ਨਾਕਾਰਾਤਮਕ ਅਤੇ ਸਾਕਾਰਾਤਮਕ ਹੁਕਮ ਇਸ ਦੋਸ਼ ਦੀ ਯਾਦ ਦਿਵਾਉਂਦੇ ਹਨ ਕਿ ਅਬਰਾਹਾਮ ਨੇ ਕਈ ਸਾਲ ਪਹਿਲਾਂ ਆਪਣੇ ਪੁੱਤਰ ਦੇ ਲਈ ਪਤਨੀ ਦੀ ਭਾਲ ਕਰਨ ਦੇ ਲਈ ਭੇਜਿਆ ਸੀ (24:2-4)। ਇਸਹਾਕ ਅਤੇ ਰਿਬਕਾਹ ਨੇ ਸਵੀਕਾਰ ਕੀਤਾ ਕਿ ਜੇਕਰ ਯਾਕੂਬ ਇੱਕ ਮੂਰਤੀਪੂਜਕ ਇਸਤਰੀ ਦੇ ਨਾਲ ਵਿਆਹ ਕਰਦਾ ਹੈ, ਤਾਂ ਉਸ ਦਾ ਸੱਚੇ ਪਰਮੇਸ਼ੁਰ ਵਿਚ ਵਿਸ਼ਵਾਸ ਸਤਾਏ ਜਾਣ ਜਾਂ ਰਹਿਣ-ਸਹਿਣ ਦੇ ਕਾਰਣ ਖਤਰੇ ਵਿਚ ਪੈ ਸਕਦਾ ਹੈ।

**ਆਇਤ 3.** ਇਸਹਾਕ ਦੇ ਭਲੇ ਦੇ ਲਈ, ਯਾਕੂਬ ਨੂੰ ਦੂਰ ਭੇਜਣ ਤੋਂ ਪਹਿਲਾਂ, ਉਸ ਨੇ ਉਸ ਨੂੰ **ਸਰਬ ਸ਼ਕਤੀਮਾਨ ਪਰਮੇਸ਼ੁਰ** (אֵל שַׁדַּי, *ਐੱਲ ਸ਼ਡਾਈ*)[2] ਦੇ ਨਾਮ ਤੇ ਬਰਕਤ ਦਿੱਤੀ। ਇਸ ਤੋਂ ਇਲਾਵਾ, ਉਸ ਨੇ ਰਚਨਾ ਦੀ ਮੂਲ ਬਰਕਤ ਨੂੰ ਦਰਸਾਉਂਦੇ ਹੋਏ (1:22, 28; ਵੇਖੋ 8:17; 9:1, 7), ਬੇਨਤੀ ਕੀਤੀ ਕੀ ਪ੍ਰਭੂ ਉਸ ਨੂੰ **ਫਲਵੰਤ ਬਣਾਵੇ** ਅਤੇ **ਵਧਾਵੇ** ("ਵਧਾਵੇ"; NIV)। ਇਸਹਾਕ ਨੇ ਕਲਪਨਾ ਕੀਤੀ ਕਿ ਯਾਕੂਬ ਦਾ ਪਰਿਵਾਰ ਇੰਨਾ ਹੋਵੇ **ਬਹੁਤ ਕੌਮਾਂ ਦਾ ਦਲ** ਹੋ ਜਾਵੇ।

**ਆਇਤ 4.** ਪੁਰਖੇ ਨੇ ਯਾਕੂਬ ਦੇ ਲਈ **ਅਬਰਾਹਾਮ ਦੀ ਬਰਕਤ** ਲਈ ਬੇਨਤੀ ਕੀਤੀ (ਵੇਖੋ 17:6-8), ਜੋ ਉਸ ਨੇ ਖੁਦ ਪ੍ਰਾਪਤ ਕੀਤੀ ਸੀ (26:3, 4, 24)। ਇਸਹਾਕ ਦਾ ਬਿਆਨ ਵਿਸ਼ੇਸ਼ ਰੂਪ ਵਿਚ ਮਹੱਤਵਪੂਰਣ ਸੀ ਕਿਉਂਕਿ ਉਸ ਨੇ ਪਹਿਲੀ ਵਾਰ ਆਪਣੇ ਅਧਿਕਾਰਿਕ ਵਾਰਸ ਦੇ ਰੂਪ ਵਿਚ ਛੋਟੇ ਪੁੱਤਰ ਨੂੰ ਪਛਾਣਿਆ ਸੀ। ਉਸ ਭੂਮਿਕਾ ਵਿਚ, ਯਾਕੂਬ ਨੇ [ਪਰਿਵਾਰ ਦੇ] **ਮੁਸਾਫਰੀ ਦੇ ਦੇਸ ਨੂੰ ਜਿਹੜਾ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਿੱਤਾ** ਜਦੋਂ ਉਸ ਨੇ ਉਸ ਨੂੰ ਮਸੋਪੋਤਾਮੀਆ ਵਿਚੋਂ ਬੁਲਾਇਆ ਅਤੇ ਕਨਾਨ ਦੇ ਦੇਸ ਵਿਚ ਲੈ ਗਿਆ ਸੀ, **ਵਿਰਸੇ ਵਿੱਚ** ਕਰਨਾ ਸੀ (12:2, 3; 13:15-17; 15:7, 18; 17:6-8, 16, 20; 22:17; 24:7)। ਇਹ ਬਰਕਤ ਇਸ ਗੱਲ ਦਾ ਵੀ ਸੰਕੇਤ ਕਰਦੀ ਹੈ ਕਿ ਬਜ਼ੁਰਗ ਹੁਣ ਇਸ ਗੱਲ ਨੂੰ ਸਮਝ ਗਿਆ ਸੀ ਕਿ ਪ੍ਰਭੂ ਨੇ ਏਸਾਊ ਨੂੰ ਰੱਬੀ ਬਰਕਤਾਂ ਦਾ ਮੁੱਖ ਪ੍ਰਾਪਤਕਰਤਾ ਹੋਣ ਦੀ ਆਪਣੀ ਇੱਛਾ ਨੂੰ ਰੱਦ ਦਿੱਤਾ ਸੀ। ਇਸ ਦੀ ਬਜਾਇ, ਉਨ੍ਹਾਂ ਨੇ ਯਾਕੂਬ ਦੇ ਕੋਲ ਜਾਣਾ ਸੀ, ਜੋ ਬਰਕਤਾਂ ਅਤੇ ਵਾਇਦਿਆਂ ਦੀ ਜੰਜ਼ੀਰ ਵਿਚ ਜੁੜਿਆ ਹੋਇਆ ਹੋਵੇਗਾ ਜੋ ਅਸਲ ਵਿਚ ਅਬਰਾਹਾਮ ਦੇ ਨਾਲ ਕੀਤੇ ਗਏ ਸਨ, ਅਤੇ ਫਿਰ ਇਸਹਾਕ ਨੂੰ ਪ੍ਰਾਪਤ ਹੋਏ, ਅਤੇ ਹੁਣ ਉਸ ਦੇ ਛੋਟੇ ਪੁੱਤਰ ਦੇ ਨਾਲ ਦੁਹਰਾਏ ਜਾ ਰਹੇ ਸਨ।

**ਆਇਤ 5.** ਜਦੋਂ ਰਿਬਕਾਹ ਨੇ ਪਹਿਲੀ ਵਾਰ **ਯਾਕੂਬ** ਨੂੰ ਏਸਾਓ ਦੇ ਗੁੱਸੇ ਅਤੇ ਉਸ ਨੂੰ ਮਾਰ ਦੇਣ ਦੀ ਇੱਛਾ ਦੀ ਚੇਤਾਵਨੀ ਦਿੱਤੀ, ਤਾਂ ਅਜੇ ਘਰ ਵਿਚ ਹੀ ਸੀ। ਤਾਂ ਵੀ, ਉਸ ਦੇ ਪਤੀ ਨੇ ਉਸ ਦੇ ਪ੍ਰੇਰਕ ਸ਼ਬਦਾਂ ਦਾ ਪਾਲਣ ਕਰਦੇ ਹੋਏ (27:46), **ਇਸਹਾਕ ਨੇ ਯਾਕੂਬ ਨੂੰ ਤੋਰ**

**ਦਿੱਤਾ**। ਭਾਵੇਂ ਇਹ ਯਾਤਰਾ ਏਸਾਓ ਦੇ ਕ੍ਰੋਧ ਤੋਂ ਬਚ ਨਿਕਲਣ ਦੇ ਲਈ ਸੀ, ਪਰ ਇਸ ਦਾ ਯਾਕੂਬ ਨੂੰ ਬਿਆਨ ਕੀਤਾ ਹੋਇਆ ਉਦੇਸ਼ **ਪਦਨ ਅਰਾਮ** ਵਿਚਲੇ **ਅਰਾਮੀ** (ਲੋਕਾਂ) ਵਿਚੋਂ ਪਤਨੀ ਦੀ ਭਾਲ ਕਰਨਾ ਸੀ। ਉਸ ਨੂੰ ਸਿਲਸਿਲੇਵਾਰ **ਬਥੂਏਲ** ਅਤੇ **ਲਾਬਾਨ** ਦੇ ਪਰਿਵਾਰ ਦੇ ਵਿਚੋਂ ਚੁਣਿਆ ਜਾਣਾ ਸੀ, ਜੋ ਰਿਬਕਾਹ ਦੇ ਪਿਤਾ ਅਤੇ **ਭਰਾ** ਸਨ (24:24, 29)। ਇਸਹਾਕ ਦੇ ਨਿਰਦੇਸ਼ ਦੇ ਅਧੀਨ, ਯਾਕੂਬ ਨੇ ਚਾਰ ਸੌ ਮਾਲ ਦੀ ਲੰਬੀ ਯਾਤਰਾ ਕੀਤੀ (ਵੇਖੋ 28:10)।

## ਇਸਹਾਕ ਨੂੰ ਪ੍ਰਸੰਨ ਕਰਨ ਦੇ ਲਈ ਏਸਾਓ ਦਾ ਇੱਕ ਹੋਰ ਵਿਆਹ ਕਰਨਾ (28:6-9)

**[6]ਜਾਂ ਏਸਾਓ ਨੇ ਵੇਖਿਆ ਕਿ ਇਸਹਾਕ ਨੇ ਯਾਕੂਬ ਨੂੰ ਬਰਕਤ ਦਿੱਤੀ ਅਰ ਉਸ ਨੂੰ ਪਦਨ ਅਰਾਮ ਵਿੱਚ ਘੱਲਿਆ ਭਈ ਉੱਥੋਂ ਆਪਣੇ ਲਈ ਤੀਵੀਂ ਕਰੇ ਅਤੇ ਓਸ ਉਹ ਨੂੰ ਬਰਕਤ ਦਿੰਦਿਆਂ ਆਖਿਆ ਭਈ ਤੂੰ ਕਨਾਨੀਆਂ ਦੀਆਂ ਧੀਆਂ ਵਿੱਚੋਂ ਤੀਵੀਂ ਨਾ ਕਰੀਂ। [7]ਅਤੇ ਯਾਕੂਬ ਆਪਣੇ ਮਾਤਾ ਪਿਤਾ ਦੀ ਸੁਣ ਕੇ ਪਦਨ ਅਰਾਮ ਨੂੰ ਚਲਿਆ ਗਿਆ। [8]ਜਾਂ ਏਸਾਓ ਨੇ ਏਹ ਵੇਖਿਆ ਕਿ ਕਨਾਨ ਦੀਆਂ ਧੀਆਂ ਮੇਰੇ ਪਿਤਾ ਦੀਆਂ ਅੱਖਾਂ ਵਿੱਚ ਬੁਰੀਆਂ ਹਨ। [9]ਤਾਂ ਏਸਾਓ ਇਸਮਾਏਲ ਕੋਲ ਗਿਆ ਅਤੇ ਅਬਰਾਹਾਮ ਦੇ ਪੁੱਤ੍ਰ ਇਸਮਾਏਲ ਦੀ ਧੀ ਅਰ ਨਬਾਯੋਥ ਦੀ ਭੈਣ ਮਹਲਥ ਨੂੰ ਆਪਣੇ ਲਈ ਲੈਕੇ ਆਪਣੀਆਂ ਦੂਜੀਆਂ ਤੀਵੀਆਂ ਦੇ ਨਾਲ ਰਲਾ ਲਿਆ।**

**ਆਇਤਾਂ 6-8. ਏਸਾਓ** ਨੇ ਵੇਖਿਆ ਕਿ **ਇਸਹਾਕ ਨੇ** ਉਸ ਦੀ ਮਾਂ ਦੀ ਬੇਨਤੀ ਤੇ **ਯਾਕੂਬ ਨੂੰ ਬਰਕਤ ਦਿੱਤੀ** ਅਤੇ **ਪਦਨ ਅਰਾਮ ਵਿੱਚ ਘੱਲਿਆ** ਤਾਂਕਿ **ਤੀਵੀਂ** ਕਰੇ। ਉਸ ਨੂੰ ਹੈਰਾਨੀ ਹੋਈ ਕਿ ਉਸ ਦੇ ਪਿਤਾ ਨੇ ਉਸ ਦੇ ਭਰਾ ਨੂੰ **ਕਨਾਨੀਆਂ ਦੀਆਂ ਧੀਆਂ ਵਿੱਚੋਂ ਤੀਵੀਂ** ਕਰਨ ਤੋਂ ਮਨ੍ਹਾ ਕੀਤਾ ਸੀ। ਪਰਮੇਸ਼ੁਰ ਵਿਚ ਵਿਸ਼ਵਾਸ ਨਾ ਹੋਣ ਦੇ ਕਾਰਣ (ਇਬਰਾਨੀਆਂ 12:16), ਏਸਾਓ ਆਤਮਿਕ ਸੱਚਾਈਆਂ ਤੋਂ ਅਣਜਾਣ ਸੀ; ਪਰ ਉਹ ਬੌਧਿਕ ਤੌਰ ਤੇ ਵੀ ਬੇਵਕੂਫ ਵਿਅਕਤੀ ਸੀ ਉਸ ਨੇ ਕਦੀ ਵੀ ਇਸ ਗੱਲ ਨੂੰ ਗੰਭੀਰਤਾ ਦੇ ਨਾਲ ਨਹੀਂ ਲਿਆ ਸੀ ਕਿ ਸਹੀ ਵੰਸ ਵਿਚ ਵਿਆਹ ਕਰਵਾਉਣ ਦਾ ਕੀ ਮਹੱਤਵ ਹੈ। ਜਾਹਿਰ ਤੌਰ ਤੇ, ਉਹ ਇਹ ਵੀ ਨਹੀਂ ਸਮਝਦਾ ਸੀ ਕਿ ਉਸ ਦੇ ਉਸ ਦੀਆਂ ਹਿੱਤੀ ਤੀਵੀਆਂ ਉਸ ਦੇ ਮਾਤਾ-ਪਿਤਾ ਦੀਆਂ ਅੱਖਾਂ ਵਿਚ **ਬੁਰੀਆਂ** ਸਨ (ਵੇਖੋ 26:34, 35)। ਅਵਿਸ਼ਵਾਸਯੋਗ ਗੱਲ ਇਹ ਹੈ ਕਿ, ਉਸ ਨੇ ਇਸ ਤੱਥ ਨੂੰ ਕਦੀ ਵੀ ਨਹੀਂ ਸਮਝਿਆ ਕਿ ਉਸ ਦੀਆਂ ਕਨਾਨੀ ਪਤਨੀਆਂ ਅਬਰਾਹਾਮ ਅਤੇ ਇਸਹਾਕ ਦੀ ਸੰਤਾਨ ਵਿਚ ਉਚਿਤ ਹਨ।

**ਆਇਤ 9.** ਲਿਖਤ ਦੱਸਦੀ ਹੈ ਕਿ **ਏਸਾਓ** ਨੇ ਆਪਣੇ ਆਪ ਨੂੰ ਛੁਡਾਉਣ ਦੀ ਅਤੇ ਆਪਣੇ ਆਪ ਮਾਤਾ ਪਿਤਾ ਨੂੰ ਖੁਸ਼ ਕਰਨ ਦੇ ਲਈ ਉਸ ਨੇ ਇਸਮਾਏਲੀਆਂ ਵਿਚੋਂ ਜੋ ਹਾਜਰਾ ਤੋਂ ਅਬਰਾਹਾਮ ਦਾ ਇੱਕ ਸੰਤਾਨ ਵਿਚੋਂ ਇੱਕ ਤੀਵੀਂ ਲੈ ਆਂਦੀ: **ਇਸਮਾਏਲ ਦੀ ਧੀ** ਅਤੇ **ਨਬਾਯੋਥ ਦੀ ਭੈਣ**। ਇਹ ਫੈਸਲਾ ਪ੍ਰਭਾਵਰਹਿਤ ਸਾਬਤ ਹੋਇਆ ਕਿਉਂਕਿ ਏਸਾਓ ਨੇ ਆਪਣੀ ਸੰਤਾਨ ਨੂੰ ਵਿਸ਼ਵਾਸ ਦੀ ਕੋਈ ਖਾਸ ਆਤਮਿਕ ਵਿਰਾਸਤ ਨਹੀਂ ਦਿੱਤੀ ਸੀ। **ਇਸਮਾਏਲ** ਦੇ ਵਾਂਗ, ਉਹ ਕਿਸੇ ਹੱਦ ਤੱਕ ਅਬਰਾਹਾਮ ਦੀਆਂ ਦੁਨਿਆਵੀ ਬਰਕਤਾਂ ਵਿਚ ਸਾਂਝੀ ਹੋਵੇਗਾ – ਪਰ ਪਰਮੇਸ਼ੁਰ ਦੀਆਂ ਹੋਰ ਵੀ ਮਹੱਤਵਪੂਰਣ ਨੇਮ ਦੇ ਵਾਇਦਿਆਂ ਦੇ ਨਹੀਂ ਜਿਵੇਂ ਇੱਕ ਕੌਮ ਬਣਨ ਅਤੇ ਦੁਨੀਆਂ ਦਿਆਂ ਸਾਰਿਆਂ ਘਰਾਣਿਆਂ ਦੇ ਲਈ ਬਰਕਤ ਲਿਆਉਣ ਵਾਲੇ ਬਣਨ (12:2, 3; ਗਲਾਤੀਆਂ

3:8, 9, 14-16, 29)।

# ਯਾਕੂਬ ਬੈਤਏਲ ਵਿੱਚ:ਪਰਮੇਸ਼ੁਰ ਦਾ ਦਰਸ਼ਣ ਅਤੇ ਇੱਕ ਸੁੱਖਣਾ (28:10-22)

**ਯਾਕੂਬ ਦਾ ਸੁਫਨਾ (28:10-17)**

**10ਯਾਕੂਬ ਬਏਰਸਬਾ ਤੋਂ ਚੱਲ ਕੇ ਹਾਰਾਨ ਨੂੰ ਗਿਆ। 11ਅਤੇ ਇੱਕ ਥਾਂ ਤੇ ਅੱਪੜਿਆ ਅਰ
ਉੱਥੇ ਰਾਤ ਕੱਟੀ ਕਿਉਂਜੋ ਸੂਰਜ ਡੁੱਬ ਗਿਆ ਸੀ ਅਰ ਇੱਕ ਪੱਥਰ ਉਸ ਥਾਂ ਤੋਂ ਲੈਕੇ ਆਪਣੇ
ਸਰਹਾਣੇ ਰੱਖ ਲਿਆ ਅਰ ਉਸ ਥਾਂ ਲੇਟ ਗਿਆ। 12ਅਤੇ ਇੱਕ ਸੁਫਨਾ ਡਿੱਠਾ ਅਤੇ ਵੇਖੋ ਪੌੜੀ
ਧਰਤੀ ਉੱਤੇ ਰੱਖੀ ਹੋਈ ਸੀ ਅਰ ਉਸ ਦੀ ਚੋਟੀ ਅਕਾਸ਼ ਤੀਕ ਸੀ ਅਰ ਵੇਖੋ ਪਰਮੇਸ਼ੁਰ ਦੇ ਦੂਤ
ਉਹ ਦੇ ਉੱਤੇ ਚੜ੍ਹਦੇ ਉੱਤਰਦੇ ਸਨ। 13ਵੇਖੋ ਯਹੋਵਾਹ ਉਹ ਦੇ ਕੋਲ ਖਲੋਤਾ ਸੀ ਅਰ ਉਸ
ਆਖਿਆ, ਮੈਂ ਯਹੋਵਾਹ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ ਅਰ ਇਸਹਾਕ ਦਾ
ਪਰਮੇਸ਼ੁਰ ਹਾਂ। ਜਿਸ ਧਰਤੀ ਉੱਤੇ ਤੂੰ ਪਿਆ ਹੈਂ ਮੈਂ ਤੈਨੂੰ ਅਰ ਤੇਰੀ ਅੰਸ ਨੂੰ ਦਿਆਂਗਾ। 14ਅਰ
ਤੇਰੀ ਅੰਸ ਧਰਤੀ ਦੀ ਧੂੜ ਵਾਂਗਰ ਹੋਵੇਗੀ ਅਰ ਤੂੰ ਲਹਿੰਦੇ ਅਰ ਚੜ੍ਹਦੇ ਅਰ ਉੱਤਰ ਅਰ
ਦੱਖਣ ਵੱਲ ਫੁੱਟ ਨਿੱਕਲੇਂਗਾ ਅਰ ਤੈਥੋਂ ਅਰ ਤੇਰੀ ਅੰਸ ਤੋਂ ਪਿਰਥਵੀ ਦੇ ਸਾਰੇ ਟੱਬਰ ਬਰਕਤ
ਪਾਉਣਗੇ। 15ਵੇਖ ਮੈਂ ਤੇਰੇ ਅੰਗ ਸੰਗ ਹਾਂ ਅਰ ਜਿੱਥੇ ਕਿਤੇ ਤੂੰ ਜਾਵੇਂਗਾ ਮੈਂ ਤੇਰੀ ਰਾਖੀ ਕਰਾਂਗਾ
ਅਰ ਤੈਨੂੰ ਫੇਰ ਏਸ ਦੇਸ ਵਿੱਚ ਲੈ ਆਵਾਂਗਾ ਅਰ ਜਿੰਨਾ ਚਿਰ ਤੀਕ ਤੇਰੇ ਨਾਲ ਆਪਣਾ ਬੋਲ
ਪੂਰਾ ਨਾ ਕਰ ਲਵਾਂ ਤੈਨੂੰ ਨਹੀਂ ਵਿਸਾਰਾਂਗਾ। 16ਫੇਰ ਯਾਕੂਬ ਆਪਣੀ ਨੀਂਦਰ ਤੋਂ ਜਾਗਿਆ ਅਰ
ਆਖਿਆ, ਸੱਚਮੁੱਚ ਯਹੋਵਾਹ ਏਸ ਅਸਥਾਨ ਵਿੱਚ ਹੈ ਪਰ ਮੈਂ ਨਾ ਜਾਤਾ। 17ਅਤੇ ਓਸ ਭੈ ਖਾਕੇ
ਆਖਿਆ, ਏਹ ਅਸਥਾਨ ਕਿੱਡਾ ਭਿਆਣਕ ਹੈ। ਪਰਮੇਸ਼ੁਰ ਦੇ ਘਰ ਦੇ ਬਿਨਾਂ ਏਹ ਹੋਰ ਅਸਥਾਨ
ਨਹੀਂ ਹੈ ਸਗੋਂ ਏਹ ਤਾਂ ਅਕਾਸ਼ ਦੀ ਡੇਉਢੀ ਹੈ।**

**ਆਇਤ 10.** ਕਿਉਂਕਿ ਏਸਾਓ ਨੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ ਅਤੇ ਕਿਉਂਕਿ ਇਹ ਉਸ ਦੇ ਲਈ ਪਤਨੀ ਲੱਭਣ ਦਾ ਇਕ ਉਚਿਤ ਸਮਾਂ ਸੀ, **ਯਾਕੂਬ ਬਏਰਸਬਾ** ਤੋਂ ਚਲਾ ਗਿਆ, ਜਿੱਥੇ ਕਈ ਸਾਲਾਂ ਤੋਂ ਉਸ ਦਾ ਪਰਿਵਾਰ ਟਿਕਿਆ ਹੋਇਆ ਸੀ (26:23, 33; ਵੇਖੋ 22:19)। ਉਹ ਪਦਨ ਅਰਾਮ ਵਿਚ **ਹਾਰਾਨ ਨੂੰ ਗਿਆ** (28:2, 5), ਉੱਤਰੀ-ਪੱਛਮੀ ਮਸੋਪੋਤਾਮੀਆ[3] ਵਿਚ। ਹਾਰਾਨ ਯਾਕੂਬ ਦੀ ਮਾਂ ਰਿਬਕਾਹ ਦਾ ਅਸਲੀ ਘਰ ਸੀ। ਫਿਰ ਵੀ, ਇਸ ਦਾ ਬਹੁਤ ਵੱਡਾ ਮਹੱਤਵ ਸੀ। ਇਹੀ ਉਹ ਥਾਂ ਹੈ ਜਿੱਥੇ ਅਬਰਾਹਾਮ ਰਹਿ ਰਿਹਾ ਸੀ ਜਦੋਂ, ਉਸ ਦੇ ਪਿਤਾ ਦੀ ਮੌਤ ਤੋਂ ਬਾਅਦ, ਪਰਮੇਸ਼ੁਰ ਨੇ ਉਸ ਨੂੰ ਆਪਣੇ ਪਿਤਾ ਦੇ ਘਰ ਅਰ ਪਰਿਵਾਰ ਨੂੰ ਛੱਡ ਕੇ ਵਾਇਦੇ ਦੇ ਦੇਸ ਵਿਚ ਜਾਣ ਦੇ ਲਈ ਸੱਦਿਆ ਸੀ (12:4, 5)।

ਇਸਹਾਕ ਦਾ ਯਾਕੂਬ ਨੂੰ ਹਾਰਾਨ ਵਿਚ ਭੇਜਣਾ ਪਹਿਲਾਂ ਅਬਰਾਹਾਮ ਦੁਆਰਾ ਆਪਣੇ ਨੌਕਰ ਨੂੰ ਦਿੱਤੀਆਂ ਗਈਆਂ ਹਦਾਇਤਾਂ ਦੇ ਬਿਲਕੁਲ ਵਿਪਰੀਤ ਹੈ, ਜਿਸ ਨੂੰ ਇਸਹਾਕ ਦੇ ਲਈ ਪਤਨੀ ਲੱਭਣ ਵਾਸਤੇ ਭੇਜਿਆ ਗਿਆ ਸੀ: "ਖ਼ਬਰਦਾਰ ਤੂੰ ਮੇਰੇ ਪੁੱਤ੍ਰ ਨੂੰ ਉੱਥੇ ਕੁਦੰਤ ਨਾ ਮੋੜ ਲੈ ਜਾਵੀਂ!" (24:6)। ਇੱਥੇ ਵੱਖਰੀ ਪ੍ਰਕਿਰਿਆ ਦਾ ਕਾਰਣ ਇਹ ਹੈ ਕਿ ਜਿੱਥੋਂ ਤੱਕ ਯਾਕੂਬ ਦੀ ਗੱਲ ਹੈ, ਉਸ ਦੀ ਜਾਨ ਖ਼ਤਰੇ ਵਿਚ ਸੀ ਕਿਉਂਕਿ ਏਸਾਓ ਨੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ

ਸੀ। ਉਸ ਨੂੰ ਆਪਣੀ ਨਿੱਜੀ ਸੁਰੱਖਿਆ ਕਰਕੇ ਉੱਥੋਂ ਜਾਣਾ ਪਿਆ ਸੀ।

ਇਕ ਹੋਰ ਜਬਰਦਸਤ ਫ਼ਰਕ ਵਿਚ ਉਹ ਧਨ ਦੌਲਤ ਸ਼ਾਮਲ ਹੈ ਜੋ ਯਾਤਰਾਵਾਂ ਤੇ ਭੇਜਿਆ ਗਿਆ ਸੀ। ਅਬਰਾਹਾਮ ਨੇ ਜਦੋਂ ਇਸਹਾਕ ਦੇ ਲਈ ਪਤਨੀ ਲਿਆਉਣ ਦਾ ਫ਼ੈਸਲਾ ਕਰ ਲਿਆ, ਉਸ ਨੇ ਰਿਬਕਾਹ ਅਤੇ ਉਸ ਦੇ ਪਰਿਵਾਰ ਦੇ ਲਈ ਸੋਨੇ, ਚਾਂਦੀ ਅਤੇ ਮਹਿੰਗੀਆਂ ਸੌਗਾਤਾਂ ਦੇ ਦਸ ਊਠ ਉਲੱਦ ਕੇ ਭੇਜੇ (24:10, 22, 52, 53)। ਫਿਰ ਵੀ, ਯਾਕੂਬ ਅਸਲ ਵਿਚ ਖਾਲੀ ਹੱਥ ਗਿਆ ਸੀ। ਉਸ ਦੇ ਕੋਲ ਸੋਨੇ, ਚਾਂਦੀ ਅਤੇ ਸੌਗਾਤਾਂ ਨਾਲ ਉਲੱਦਿਆ ਹੋਇਆ ਇਕ ਵੀ ਊਠ ਨਹੀਂ ਸੀ। ਉਸ ਦੇ ਕੋਲ ਲਾਬਾਨ ਦੀ ਧੀ ਨੂੰ ਵਿਆਹੁਣ ਦੇ ਲਈ ਦਾਜ ਵੀ ਨਹੀਂ ਸੀ। ਕਿਉਂ ਇਸਹਾਕ ਨੇ, ਜਿਸ ਦੇ ਕੋਲ ਅਬਰਾਹਾਮ ਦਾ ਬਹੁਤ ਸਾਰਾ ਧਨ ਦੌਲਤ ਸੀ, ਯਾਕੂਬ ਨੂੰ ਇਕ ਗਰੀਬ ਦੇ ਵਾਂਗ ਭੇਜਿਆ ਸੀ? ਇਹ ਉਸ ਗਹਿਰੇ ਸਦਮੇ ਨੂੰ ਪਰਗਟ ਹੈ ਜੋ ਯਾਕੂਬ ਦੇ ਧੋਖੇ ਕਾਰਣ ਇਸਹਾਕ ਨੂੰ ਲੱਗਾ ਸੀ।

ਇਸ ਤੋਂ ਇਲਾਵਾ, ਇਸਹਾਕ ਨੇ ਯਾਕੂਬ ਨੂੰ ਹਾਰਾਨ ਵਿਚ ਭੇਜਣ ਲੱਗਿਆਂ ਉਸ ਦੀ ਸੇਵਾ ਟਹਿਲ ਕਰਨ ਜਾਂ ਉਸ ਨੂੰ ਉਨ੍ਹਾਂ ਡਾਕੂਆਂ ਤੋਂ ਬਚਾਉਣ ਦੇ ਲਈ ਕੋਈ ਨੌਕਰ ਵੀ ਨਾਲ ਨਹੀਂ ਭੇਜਿਆ ਜੋ ਇੰਨੇ ਲੰਬੇ ਅਤੇ ਖ਼ਤਰਨਾਕ ਸਫਰ ਵਿਚ ਇਕੱਲੇ ਜਾਂਦਿਆਂ ਉਸ ਤੇ ਹਮਲਾ ਕਰ ਸਕਦੇ ਸਨ। ਘਰ ਨੂੰ ਛੱਡ ਕੇ ਜਾਣ ਅਤੇ ਆਪਣੀ ਜਾਨ ਨੂੰ ਬਚਾਉਣ ਦੇ ਦੁੱਖ ਦਾ ਮਾਰਾ, ਉਹ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੋਵੇਗਾ ਜੋ ਉਸ ਦੇ ਅੱਗੇ ਰੱਖਿਆ ਹੋਇਆ ਸੀ। ਇਹ ਹਾਲਾਤ ਯਾਕੂਬ ਨੂੰ ਆਪਣੇ ਪਿਉ ਦਾਦਿਆਂ ਦੇ ਪਰਮੇਸ਼ੁਰ ਵਿਚ ਹੋਰ ਵੀ ਜ਼ਿਆਦਾ ਭਰੋਸਾ ਕਰਨ ਦੀ ਵੱਲ ਲੈ ਗਏ ਸਨ।

**ਆਇਤ 11.** ਪਦਨ ਅਰਾਮ ਵੱਲ ਨੂੰ ਜਾਂਦੇ ਹੋਏ, ਉਸ ਨੂੰ ਅਜੀਬ ਅਤੇ ਜੀਵਨ ਨੂੰ ਬਦਲਣ ਵਾਲਾ ਅਨੁਭਵ ਹੋਇਆ। ਕਿਉਂਕਿ **ਸੂਰਜ ਡੁੱਬ ਗਿਆ ਸੀ**, ਯਾਕੂਬ **ਇੱਕ ਥਾਂ ਤੇ ਅੱਪੜਿਆ ਅਰ ਉੱਥੇ ਰਾਤ ਕੱਟੀ**। 28:19 ਵਿਚ, ਇਸ ਥਾਂ ਦੀ "ਬੈਤਏਲ" ਵਜੋਂ ਪਛਾਣ ਕੀਤੀ ਗਈ ਹੈ। ਬਏਰਸਬਾ ਤੋਂ ਬੈਤਏਲ ਲਗਭਗ ਪੰਜੀ ਮੀਲ ਦੂਰ ਸੀ, ਇਸ ਲਈ ਇਹ ਸ਼ਾਇਦ ਯਾਕੂਬ ਦੇ ਸਫਰ ਦਾ ਤੀਜਾ ਦਿਨ ਸੀ। ਹਨੇਰੇ ਵਿਚ ਅੱਗੇ ਨੂੰ ਸਫਰ ਕਰਨਾ ਮੂਰਖਤਾ ਸੀ ਅਤੇ ਇਹ ਸਫਰ ਅਨਿਸ਼ਚਤ ਇਲਾਕੇ, ਹਿੰਸਕ ਜਾਨਵਰਾਂ ਜਾਂ ਉਨ੍ਹਾਂ ਡਾਕੂਆਂ ਦੇ ਕਾਰਣ ਖ਼ਤਰਨਾਕ ਹੋ ਸਕਦਾ ਸੀ ਜੋ ਲੁੱਟਣ ਦੀ ਉਡੀਕ ਵਿਚ ਬੈਠੇ ਹੋ ਸਕਦੇ ਹਨ। ਇਸ ਲਈ, ਉਸ ਨੇ **ਇੱਕ ਪੱਥਰ ਉਸ ਥਾਂ ਤੋਂ ਲੈਕੇ** ਆਪਣੇ ਸਰਹਾਣੇ[4] ਰੱਖ ਲਿਆ ਅਤੇ **ਉਸ ਥਾਂ ਲੇਟ ਗਿਆ**।

**ਆਇਤ 12.** ਰਾਤ ਨੂੰ, ਯਾਕੂਬ ਨੇ ਇਕ ਅਜੀਬ **ਸੁਫਨਾ** ਵੇਖਿਆ। ਡਰ ਅਤੇ ਅਣਸੁਲਝੇ ਅਪਰਾਧ ਦੇ ਡਰ ਦੇ ਭਿਆਣਕ ਅਨੁਭਵ ਦੀ ਬਜਾਇ ਜਿਸ ਨੇ ਉਹ ਨੂੰ ਉਸ ਦੇ ਸ਼ਰਮਿੰਦਗੀ ਭਰੇ ਭੂਤਕਾਲ ਦੇ ਬਾਰੇ ਚੇਤੇ ਕਰਾਇਆ, ਉਸ ਨੇ ਇਕ **ਪੌੜੀ** ਬਾਰੇ ਸੁਫਨਾ ਵੇਖਿਆ ਜੋ **ਧਰਤੀ ਉੱਤੇ ਰੱਖੀ ਹੋਈ ਸੀ ਅਰ ਉਸ ਦੀ ਚੋਟੀ ਅਕਾਸ਼ ਤੀਕ ਸੀ**। "ਪੌੜੀ" ਲਈ ਇਬਰਾਨੀ ਸ਼ਬਦ (סֻלָּם, *ਸੁਲਮ*) ਪੁਰਾਣੇ ਨੇਮ ਵਿਚ ਸਿਰਫ ਇੱਥੇ ਵਰਤਿਆ ਗਿਆ ਹੈ। ਹਾਲਾਂਕਿ ਅੰਗ੍ਰੇਜ਼ੀ ਦੀਆਂ ਬਾਈਬਲਾਂ (KJV; NRSV; NASB; NEB) ਵਿਚ "ਲੈਡਰ" ਪਰੰਪਰਾਗਤ ਅਰਥ ਹੈ, ਹੋਰਨਾਂ ਅਨੁਵਾਦਾਂ (NIV; NJPSV; NLT) ਵਿਚ "ਸਟੇਅਰ-ਵੇਅ" ਹੈ। ਕਾਫੀ ਸਾਰੇ ਭਾਸ਼ਾਵਾਦੀ ਨਿਸ਼ਚੇਪੂਰਵਕ ਕਹਿੰਦੇ ਹਨ ਕਿ ਸੁਲਮ ਸ਼ਬਦ ਇਬਰਾਨੀ ਸ਼ਬਦ סָלַל (*ਸਲਲ*) ਵਿੱਚੋਂ ਨਿੱਕਲਿਆ ਹੈ ਜਿਸ ਦਾ ਅਰਥ ਹੈ ਪੱਥਰਾਂ ਜਾਂ ਸੂਰਜ ਦੀ ਰੌਸ਼ਨੀ ਨਾਲ ਪਕਾਈ ਗਈ ਮਿੱਟੀ ਦੀਆਂ ਇੱਟਾਂ ਦਾ ਇਸਤੇਮਾਲ ਕਰਨ ਦੁਆਰਾ "ਢਾਲਣਾ" ਜਾਂ "ਬਣਾਉਣਾ।"[5] ਨਿਰਮਾਣ ਕਰਨ ਦੀ

ਅਜਿਹੀ ਸਮੱਗਰੀ ਦਾ ਢੇਰ ਲਗਾਉਣ ਦੇ ਦੁਆਰਾ, ਪ੍ਰਾਚੀਨ ਮਸੋਪੋਤਾਮੀਆ ਵਿਚ ਲੋਕ ਮਜ਼ਬੂਤ ਪੌੜੀਆਂ ਬਣਾਉਂਦੇ ਸਨ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਪੌੜੀਆਂ ਵਰਗੇ ਬਣੇ ਵੱਡੇ-ਵੱਡੇ ਮੀਨਾਰਾਂ ਦੀਆਂ ਟੀਸੀਆਂ ਤੇ ਬਣੇ ਮੰਦਿਰਾਂ ਤੱਕ ਲੈ ਜਾਂਦੇ ਸਨ।[6] ਪੌੜੀ ਦਾ ਇਹ ਵਰਣਨ ਵੀ ਕਿ ਉਸ ਦੀ "ਚੋਟੀ ਅਕਾਸ਼ ਤੀਕ ਸੀ" ਮਹੱਤਵਪੂਰਣ ਹੈ ਕਿਉਂਕਿ ਇਹ 11:4 ਵਿਚ ਜੋ ਬਾਬਲ ਦਾ ਬੁਰਜ ਹੈ ਉਸ ਦੀ ਯਾਦ ਨੂੰ ਤਾਜ਼ਾ ਕਰਦਾ ਹੈ, ਜਿੱਥੇ ਇਹੋ ਜਿਹੀ ਹੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਯਾਕੂਬ ਦੇ ਸੁਫਨੇ ਵਿਚ, ਉਸ ਪੌੜੀ ਉੱਤੇ ਕੋਈ ਮਨੁੱਖੀ ਕਾਫਿਲਾ ਚੜ੍ਹਦਾ ਉੱਤਰਦਾ ਨਹੀਂ ਸੀ; ਇਸ ਦੇ ਉਲਟ, **ਪਰਮੇਸ਼ੁਰ ਦੇ ਦੂਤ ਉਹ ਦੇ ਉੱਤੇ ਚੜ੍ਹਦੇ ਉੱਤਰਦੇ ਸਨ**।

**ਆਇਤ 13. ਯਹੋਵਾਹ ਪੌੜੀ ਦੇ ਕੋਲ ਖਲੋਤਾ ਸੀ।** ਇਬਰਾਨੀ ਸ਼ਬਦ נִצָּב עָלָיו (*ਨਿਟਸਟਸਬ ਅਲੇਅ*) ਦਾ ਅਰਥ ਹੈ "ਇਖ਼ਤਿਆਰ ਦੇ ਅਹੁਦੇ ਤੇ ਖਲੋਣਾ, ਸੰਚਾਲਨ ਕਰਨਾ।"[7] ਇਹ ਦਰਸ਼ਣ ਪਰਮੇਸ਼ੁਰ ਨੂੰ ਅਕਾਸ਼ ਅਤੇ ਧਰਤੀ ਦੇ ਪ੍ਰਭੂ (ਹਾਕਮ) ਵਜੋਂ ਦਰਸਾਉਂਦਾ ਹੈ, ਉਹ ਪ੍ਰਭੂ ਜਿਹੜਾ ਧਰਤੀ ਅਤੇ ਸੁਰਗੀ, ਸਾਰੇ ਜੀਉਂਦੇ ਪ੍ਰਾਣੀਆਂ ਤੇ ਰਾਜ ਕਰਦਾ ਹੈ। ਉਹ ਨਾਂ ਤਾਂ ਮਨੁੱਖਾਂ ਦੇ ਜੰਤਰਾਂ ਦੇ ਅਧੀਨ ਅਤੇ ਨਾ ਹੀ ਉਨ੍ਹਾਂ ਤੇ ਨਿਰਭਰ ਹੈ। ਪ੍ਰਭੂਤਾ ਕਰਨ ਵਾਲਾ ਹੋਣ ਦੇ ਨਾਤੇ, ਉਹ ਸਾਰੇ ਦੇਵੀ ਦੇਵਤਿਆਂ ਜਾਂ ਦੈਵੀ ਸ਼ਕਤੀਆਂ ਤੋਂ ਉੱਪਰ ਹੈ ਜਿਨ੍ਹਾਂ ਦੀ ਮਨੁੱਖ ਕਲਪਨਾ ਕਰ ਸਕਦੇ ਹਨ। ਯਾਕੂਬ ਨੇ ਵੇਖਿਆ ਕਿ ਯਹੋਵਾਹ ਓਪਰੇ ਦਿਓਤਿਆਂ ਵਰਗਾ ਨਹੀਂ ਹੈ, ਜਿਨ੍ਹਾਂ ਦੀ ਪੂਜਾ ਕਰਨ ਵਾਲੇ ਉਨ੍ਹਾਂ ਦੀਆਂ ਆਪਣੀਆਂ ਯੋਜਨਾਵਾਂ ਨੂੰ ਪੂਰਾ ਕਰਨ ਦੇ ਲਈ ਉਨ੍ਹਾਂ ਦਾ ਨਜਾਇਜ਼ ਫਾਇਦਾ ਉਠਾਉਂਦੇ ਹਨ। ਬਲਕਿ, ਪਰਮੇਸ਼ੁਰ ਦੀਆਂ ਆਪਣੀਆਂ ਯੋਜਨਾਵਾਂ ਅਤੇ ਉਦੇਸ਼ ਅਤੇ ਉਹ ਉਨ੍ਹਾਂ ਨੂੰ ਪੂਰਾ ਕਰਨ ਦੇ ਯੋਗ ਹੈ।

ਇਨ੍ਹਾਂ ਪਰਕਾਸ਼ਾਂ ਤੋਂ ਇਲਾਵਾ, ਯਾਕੂਬ ਨੂੰ ਯਹੋਵਾਹ ਨਾਲ ਉਸ ਦੇ ਸੰਬੰਧ ਬਾਰੇ ਇਕ ਬੁਨਿਆਦੀ ਸਬਕ ਸਿੱਖਣ ਦੀ ਲੋੜ ਸੀ: ਇਹ ਕਿ ਉਸ ਨੇ ਪਰਮੇਸ਼ੁਰ ਦੀ ਨਜ਼ਰ ਵਿਚ ਕਿਰਪਾ ਨੂੰ ਪਾਉਣ ਦੇ ਲਈ ਕੁਝ ਵੀ ਨਹੀਂ ਸੀ ਕੀਤਾ। ਹੁਣ ਤੱਕ ਉਹ ਆਪਣੇ ਜੀਵਨ ਵਿਚ, ਝੂਠ ਬੋਲਦਾ, ਧੋਖਾ ਅਤੇ ਛਲ ਕਰਦਾ ਆਇਆ ਸੀ। ਉਸ ਦੇ ਕੰਮਾਂ ਅਤੇ ਰਵੱਈਆਂ ਨੇ ਉਸ ਦੇ ਭਰਾ ਨਾਲ ਉਸ ਦੇ ਰਿਸ਼ਤੇ ਨੂੰ ਬਰਬਾਦ ਕਰ ਦਿੱਤਾ ਅਤੇ ਉਸ ਦੇ ਪਿਤਾ ਦਾ ਦਿਲ ਤੋੜ ਦਿੱਤਾ ਸੀ। ਸਿਰਫ ਕਿਰਪਾ ਦੁਆਰਾ ਪਰਮੇਸ਼ੁਰ ਨੇ ਇਸ ਭਗੌੜੇ ਵਿਅਕਤੀ ਨੂੰ **ਯਹੋਵਾਹ** [ਉਸ ਦੇ] **ਪਿਤਾ ਅਬਰਾਹਾਮ ਦਾ ਪਰਮੇਸ਼ੁਰ ਅਤੇ ਇਸਹਾਕ ਦਾ ਪਰਮੇਸ਼ੁਰ** ਵਜੋਂ ਸਮਝਣ ਦੀ ਪਹਿਲ ਕਰ ਰਿਹਾ ਸੀ।

ਹੈਰਾਨੀ ਦੀ ਗੱਲ ਹੈ ਕਿ ਪਰਮੇਸ਼ੁਰ ਨੇ ਯਾਕੂਬ ਦੀ ਉਸ ਦੇ ਸੁਆਰਥੀ ਕੰਮਾਂ ਅਤੇ ਬੇਰਹਿਮ ਵਿਹਾਰ ਜੋ ਉਸ ਨੇ ਆਪਣੇ ਭਰਾ ਅਤੇ ਪਿਤਾ ਨੂੰ ਵਿਖਾਖਿਆ ਸੀ ਨਿੰਦਾ ਕੀਤੇ ਬਿਨਾਂ ਉਸ ਨਾਲ ਗੱਲ ਕੀਤੀ ਸੀ। ਉਸ ਨੂੰ ਝਿੱੜਕਣ ਦੀ ਬਜਾਇ, ਯਹੋਵਾਹ ਨੇ ਆਪਣੇ ਆਪ ਦੀ ਅਬਰਾਹਾਮ ਅਤੇ ਇਸਹਾਕ ਦਾ ਪਰਮੇਸ਼ੁਰ ਵਜੋਂ ਜਾਣ-ਪਛਾਣ ਕਰਾਉਂਦੇ ਹੋਏ, ਜ਼ਿਆਦਾ ਕੋਮਲ ਦ੍ਰਿਸ਼ਟੀਕੋਣ ਅਪਨਾਉਣਾ ਚੁਣਿਆ ਸੀ। ਇਨ੍ਹਾਂ ਸ਼ਬਦਾਂ ਵਿਚ ਇਕ ਨਿਯੰਤਰਤ ਨਿੰਦਾ ਹੋ ਸਕਦੀ ਹੈ। ਕਿਉਂਕਿ ਯਹੋਵਾਹ ਪਹਿਲੀ ਪੀੜ੍ਹੀ (ਅਬਰਾਹਾਮ) ਅਤੇ ਦੂਜੀ ਪੀੜ੍ਹੀ (ਇਸਹਾਕ) ਦਾ ਪਰਮੇਸ਼ੁਰ ਸੀ, ਇਕ ਸਵਾਲ ਕੀਤਾ ਗਿਆ ਸੀ: ਕੀ ਉਹ ਤੀਜੀ ਪੀੜ੍ਹੀ (ਯਾਕੂਬ) ਦਾ ਵੀ ਪਰਮੇਸ਼ੁਰ ਹੋਵੇਗਾ? ਯਹੋਵਾਹ ਨੇ ਯਾਕੂਬ ਨੂੰ ਉਸ ਦੀ ਸੇਵਾ ਨਾ ਕਰਨ ਦੇ ਲਈ ਸਿੱਧੇ ਤੌਰ ਨਹੀਂ ਝਿੜਕਿਆ; ਉਸ ਨੇ ਉਸ ਸੰਭਾਵਨਾ ਨੂੰ ਮਹਿਸੂਸ ਕੀਤਾ ਅਤੇ ਇਸ ਦੀ ਬਜਾਇ ਉਸ ਨੇ ਉਸ ਨੂੰ ਉਹੀ ਖੁਸ਼ਖ਼ਬਰੀ ਦੱਸਣਾ ਚੁਣਿਆ ਜੋ ਉਸ ਨੇ ਅਬਰਾਹਾਮ ਅਤੇ ਇਸਹਾਕ ਨੂੰ ਦਿੱਤੀ ਸੀ। ਯਹੋਵਾਹ ਨੇ ਯਾਕੂਬ ਨੂੰ

ਉਹੀ ਵਾਇਦਾ ਦੁਹਰਾਇਆ ਜੋ ਉਸ ਨੇ ਕਈ ਵਰਹੇ ਪਹਿਲਾਂ ਉਸ ਦੇ ਦਾਦੇ ਨਾਲ ਇਹ ਕਹਿੰਦੇ ਹੋਏ ਕੀਤਾ ਸੀ ਕਿ ਉਹ ਉਸ ਨੂੰ ਅਤੇ ਉਸ ਦੀ **ਅੰਸ** ਨੂੰ ਉਹ **ਧਰਤੀ ਦੇਵੇਗਾ** ਜਿਸ ਤੇ ਯਾਕੂਬ ਪਿਆ ਹੋਇਆ ਸੀ।

**ਆਇਤ 14.** ਪਰਮੇਸ਼ੁਰ ਨੇ ਆਪਣੇ ਵਾਇਦੇ ਨੂੰ ਜਾਰੀ ਰੱਖਿਆ ਕਿ ਯਾਕੂਬ ਦੀ **ਅੰਸ ਧਰਤੀ ਦੀ ਧੂੜ ਵਾਂਗਰ ਹੋਵੇਗੀ**। ਉਹ **ਲਹਿੰਦੇ ਅਰ ਚੜ੍ਹਦੇ ਅਰ ਉੱਤਰ ਅਰ ਦੱਖਣ ਵੱਲ ਫੁੱਟ ਨਿੱਕਲਣਗੇ**। ਇੱਥੇ ਜਿਸ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਉਹ ਵਾਇਦੇ ਦੇ ਬਿਲਕੁਲ ਉਨ੍ਹਾਂ ਸ਼ਬਦਾਂ ਦਾ ਹੀ ਦੁਹਰਾਇਆ ਜਾਣਾ ਹੈ ਜੋ ਯਹੋਵਾਹ ਨੇ ਅਬਰਾਹਾਮ ਨਾਲ ਕੀਤਾ ਸੀ (13:14-16) ਅਤੇ ਜਿਹੜਾ ਬਾਅਦ ਵਿਚ ਉਸ ਨੇ ਸੰਖੇਪ ਰੂਪ ਵਿਚ ਇਸਹਾਕ ਨੂੰ ਦਿੱਤਾ ਸੀ (26:3, 4)। ਪਰਮੇਸ਼ੁਰ ਇਹ ਸਪੱਸ਼ਟ ਕਰ ਰਿਹਾ ਸੀ ਕਿ ਯਾਕੂਬ ਅਤੇ ਉਸ ਦੀ **ਅੰਸ** ਦੇ ਰਾਹੀਂ **ਪਿਰਥਵੀ ਦੇ ਸਾਰੇ ਟੱਬਰ ਬਰਕਤ ਪਾਉਣਗੇ**। ਯਾਕੂਬ ਨੂੰ ਇਹ ਸਮਝਣਾ ਪੈਣਾ ਸੀ ਕਿ ਉਸ ਦੀਆਂ ਸੁਆਰਥੀ ਕੋਸ਼ਿਸ਼ਾਂ ਦਾ ਸਮਰਥਨ ਕਰਨ ਦੇ ਲਈ ਹਰ ਬਰਕਤ ਦੇ ਮਿਲਣ ਅਤੇ ਏਸਾਓ ਅਤੇ ਉਸ ਦੀ ਅੰਸ ਤੇ ਉੱਤਮਤਾ ਨੂੰ ਬਰਕਰਾਰ ਰੱਖਣ ਨਾਲ, ਉਹ ਸਭ ਤੋਂ ਮਹੱਤਵਪੂਰਣ ਨਹੀਂ ਸੀ। ਉਸ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਯਹੋਵਾਹ ਨੇ ਉਸ ਦੇ ਦਾਦੇ ਅਤੇ ਪਿਤਾ ਨੂੰ ਬਰਕਤ ਦਿੱਤੀ ਸੀ ਕਿ ਤਾਂ ਕਿ ਉਹ ਪਿਰਥਵੀ ਦੇ ਸਾਰੇ ਲੋਕਾਂ ਦੇ ਲਈ "ਬਰਕਤ" ਦਾ ਕਾਰਣ ਬਣਨ।[8] ਯਾਕੂਬ ਲਈ ਰੱਬੀ ਉਦੇਸ਼ ਇਹ ਸੀ ਕਿ ਉਹ ਪਿਰਥਵੀ ਦੀਆਂ ਸਾਰੀਆਂ ਕੌਮਾਂ ਦੇ ਲਈ ਬਰਕਤ ਬਣਨ ਦੀ ਪ੍ਰਕਿਰਿਆ ਨੂੰ ਜਾਰੀ ਰੱਖੇ, ਤਾਂ ਕਿ ਉਹ ਸੱਚੇ ਪਰਮੇਸ਼ੁਰ ਨੂੰ ਜਾਣ ਲੈਣ, ਜਿਸ ਤੋਂ ਸਾਰੀਆਂ ਬਰਕਤਾਂ ਵਹਿੰਦੀਆਂ ਹਨ।

ਪਰਮੇਸ਼ੁਰ ਨੇ ਯਾਕੂਬ ਦੇ ਪਿਤਾ ਅਤੇ ਉਸ ਦੇ ਭਰਾ ਦੇ ਉਸ ਦੇ ਪ੍ਰੇਮ ਨਾ ਕਰਨ ਵਾਲੇ ਅਤੇ ਧੋਖੇਬਾਜ਼ ਵਿਹਾਰ ਦੇ ਬਾਵਜੂਦ ਯਾਕੂਬ ਤੇ ਬਰਕਤਾਂ ਨੂੰ ਉਂਡੇਲਣ ਦਾ ਵਾਇਦਾ ਕੀਤਾ ਸੀ। ਇਹ ਯਾਕੂਬ ਦੇ ਲਈ ਇਕ ਮਹੱਤਵਪੂਰਣ ਤਬਦੀਲੀ ਸੀ। ਹੁਣ ਤੱਕ, ਇਸ ਵਾਰਤਾ ਦਾ ਜ਼ੋਰ ਧੋਖੇਬਾਜੀ ਨਾਲ ਬਰਕਤਾਂ ਨੂੰ ਹਾਸਲ ਕਰਨ ਦੇ ਲਈ ਯਾਕੂਬ ਦੀਆਂ ਕੋਸ਼ਿਸ਼ਾਂ ਤੇ ਰਿਹਾ ਹੈ। ਇੱਥੇ, ਪਰਮੇਸ਼ੁਰ ਉਨ੍ਹਾਂ ਬਰਕਤਾਂ ਤੋਂ ਜ਼ੋਰ ਨੂੰ ਬਦਲ ਕੇ ਜੋ ਯਾਕੂਬ ਨੂੰ ਪ੍ਰਾਪਤ ਹੋਣਗੀਆਂ ਉਸ "ਬਰਕਤ" ਵਿਚ ਤਬਦੀਲ ਕਰਦਾ ਹੈ ਜੋ ਉਸ ਨੂੰ ਸੰਸਾਰ ਦੇ ਲਈ ਬਣਨਾ ਚਾਹੀਦਾ ਹੈ (12:2)।

**ਆਇਤ 15.** ਪਰਮੇਸ਼ੁਰ ਨੇ ਯਾਕੂਬ ਨੂੰ ਉਸ ਦੇ ਇਕੱਲੇਪਣ, ਡਰ ਅਤੇ ਉਨ੍ਹਾਂ ਖਤਰਿਆਂ ਸੰਬੰਧੀ ਅਨਿਸ਼ਚਤਤਾ ਵਿਚ ਜੋ ਮਸੋਪੋਤਾਮੀਆ ਵਿਚ ਉਸ ਦੇ ਸਾਹਮਣੇ ਰੱਖੀ ਹੋ ਸਕਦੀ ਹੈ, ਉਤਸ਼ਾਹਿਤ ਕਰਨ ਦੇ ਲਈ ਵਾਧੂ ਵਾਇਦੇ ਦਿੱਤੇ। ਯਹੋਵਾਹ ਨੇ ਆਖਿਆ, **ਮੈਂ ਤੇਰੇ ਅੰਗ ਸੰਗ ਹਾਂ।** ਇਹ ਉਹੀ ਵਾਇਦਾ ਹੈ ਜੋ ਪਰਮੇਸ਼ੁਰ ਨੇ ਉਸ ਦੇ ਪਿਤਾ ਇਸਹਾਕ ਨੂੰ ਦਿੱਤਾ ਸੀ, ਜਦੋਂ ਉਹ ਉਹ ਸ਼ੱਕੀ ਅਤੇ ਕਦੀ-ਕਦੀ ਵੈਰੀ ਫਲਿਸਤੀਆਂ ਦੇ ਵਿਚ ਰਹਿਣ ਦੇ ਲਈ ਗਿਆ ਸੀ (26:3, 24; ਵੇਖੋ 31:3; 46:4; 48:21)। ਯਹੋਵਾਹ ਨੇ ਇਸ ਭਗੌੜੇ ਨੂੰ ਉਸ ਦੇ ਭਰਾ ਦੇ ਕਰੋਧ ਤੋਂ ਵੀ **ਉਹ ਜਿੱਥੇ ਕਿਤੇ ਜਾਵੇਗਾ**, ਉਸ ਦੀ **ਰਾਖੀ ਕਰਨ**, ਉਸ ਦੀ ਨਿਗਰਾਨੀ ਕਰਨ ਅਤੇ ਸੁਰੱਖਿਆ ਦਾ ਭਰੋਸਾ ਦਿੱਤਾ (ਵੇਖੋ ਜ਼ਬੂਰ 91:11-16)। ਪਰਮੇਸ਼ੁਰ ਨੇ ਕਿਹਾ ਕਿ ਉਹ [ਯਾਕੂਬ] ਨੂੰ ਕਨਾਨ ਦੇ ਦੇਸ ਵਿਚ **ਫੇਰ ਲੈ ਆਵੇਗਾ**, ਜਿੱਥੋਂ ਉਹ ਭੱਜ ਰਿਹਾ ਸੀ। ਉਸ ਦਾ ਸਫਰ ਹਾਰਾਨ ਵਿਚ ਖਤਮ ਨਹੀਂ ਹੋਵੇਗਾ; ਭਵਿੱਖ ਵਿਚ ਉਸ ਨੂੰ ਆਪਣੇ ਘਰ ਪਰਤਣਾ ਪਵੇਗਾ। ਉਸ ਦੇ ਮਾਪਿਆਂ ਨੇ ਉਸ ਨੂੰ ਵਾਇਦੇ ਦੇ ਦੇਸ ਵਿਚ ਘੱਲਿਆ ਸੀ, ਪਰ ਯਹੋਵਾਹ ਉਸ ਨੂੰ ਉਹ ਦੇ ਘਰ ਵਾਪਸ ਲੈ ਕੇ ਆਵੇਗਾ।

ਇਸ ਇਕਾਂਤ ਸਫਰ ਤੇ ਯਾਕੂਬ ਨੂੰ ਭਾਵੇਂ ਕਿੰਨੀਆਂ ਵੀ ਰੁਕਾਵਟਾਂ ਦਾ ਸਾਹਮਣਾ ਕਰਨਾ

ਪਵੇ, ਪਰਮੇਸ਼ੁਰ ਦਾ ਇਹ ਵਾਇਦਾ ਸੀ ਕਿ ਮੈਂ **ਜਿੰਨਾ ਚਿਰ ਤੀਕ ਤੇਰੇ ਨਾਲ ਆਪਣਾ ਬੋਲ ਪੂਰਾ ਨਾ ਕਰ ਲਵਾਂ ਤੈਨੂੰ ਨਹੀਂ ਵਿਸਾਰਾਂਗਾ**। ਹਾਲਾਂਕਿ "ਜਿੰਨਾ ਚਿਰ" ਵਾਕ ਖੰਡ ਇਹ ਸੁਝਾਅ ਦੇ ਸਕਦਾ ਹੈ ਕਿ ਭਵਿੱਖ ਵਿਚ ਇਕ ਸਮਾਂ ਆ ਸਕਦਾ ਹੈ ਜਦੋਂ ਪਰਮੇਸ਼ੁਰ ਯਾਕੂਬ ਨੂੰ ਛੱਡ ਦੇਵੇਗਾ, ਇਸ ਸੰਦਰਭ ਵਿਚ ਇਹ ਸਿਰਫ ਇਕ ਰੂਪਕ ਯੋਜਨਾ ਪ੍ਰਤੀਤ ਹੁੰਦੀ ਹੈ। ਇਹ ਵਿਅੰਗਾਤਮਕ ਰੂਪ ਵਿਚ ਯਾਕੂਬ ਨੂੰ ਯਹੋਵਾਹ ਦੀ ਹਜ਼ੂਰੀ ਦੀ ਨਿਸ਼ਚਤਤਾ ਦੀ ਪੁਸ਼ਟੀ ਕਰਨ ਦੇ ਲਈ ਵਰਤਿਆ ਜਾ ਰਿਹਾ ਸੀ, ਭਾਵੇਂ ਉਸ ਨੂੰ ਜੀਵਨ ਵਿਚ ਕਿੰਨੀਆਂ ਹੀ ਮੁਸ਼ਕਲਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਇਸ ਦਾ ਅਰਥ ਇਹ ਸੀ ਕਿ ਯਹੋਵਾਹ ਕਨਾਨ ਅਤੇ ਮਸੋਪਤਾਮੀਆ ਦੇ ਸਥਾਨਕ ਦੇਵਤਿਆਂ ਭਿੰਨ ਸੀ ਜਿਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਇਲਾਕਿਆ ਤੋਂ ਪਾਰ ਕਮਜ਼ੋਰ ਸਮਝਿਆ ਜਾਂਦਾ ਸੀ। ਇੱਕੋ ਸੱਚੇ ਪਰਮੇਸ਼ੁਰ ਨੇ ਯਾਕੂਬ ਨਾਲ ਇਹ ਵਾਇਦਾ ਕੀਤਾ ਕਿ ਕੋਈ ਵੀ ਚੀਜ਼ ਉਸ ਦੇ ਮਿਸ਼ਨ ਦੀ ਸਫ਼ਲਤਾ ਵਿਚ ਵਿਘਨ ਜਾਂ ਰੁਕਾਵਟ ਪਾਉਣ ਵਿਚ ਸਮਰੱਥ ਨਹੀਂ ਹੋਵੇਗੀ।

**ਆਇਤ 16.** ਜਦੋਂ **ਯਾਕੂਬ ਆਪਣੀ ਨੀਂਦਰ ਤੋਂ ਜਾਗਿਆ**, ਉਹ ਇਸ ਸੁਫਨੇ ਦੇ ਮਹੱਤਵ ਨੂੰ ਸਮਝ ਗਿਆ ਸੀ। ਇਹ ਕੋਈ ਅਜਿਹੀ ਚੀਜ਼ ਨਹੀਂ ਸੀ ਜੋ ਉਸ ਨੇ ਦੋਸ਼ ਜਾਂ ਡਰ ਦੇ ਕਾਰਣ ਆਪਣੇ ਮਨ ਵਿਚ ਜਗਾਈ ਸੀ। ਇਸ ਦੇ ਉਲਟ, ਇਕ ਸੁਫਨੇ ਦੀ ਬਜਾਇ ਜੋ ਉਸ ਦੇ ਧੋਖੇ ਜਾਂ ਝੂਠਾਂ ਦੀ ਵੱਲ ਇਸ਼ਾਰਾ ਕਰਦਾ ਸੀ, ਇਹ ਉਸ ਦੇ ਸਫਰ ਵਿਚ ਉਸ ਦੇ ਲਈ ਪਰਮੇਸ਼ੁਰ ਦੀ ਕਿਰਪਾ, ਹਜ਼ੂਰੀ, ਸੁਰੱਖਿਆ ਅਤੇ ਸਫ਼ਲਤਾ ਦੀ ਖੁਸ਼ਖ਼ਬਰੀ ਸੀ। ਉਸ ਨੇ ਇਹ ਕਹਿੰਦੇ ਹੋਏ ਪ੍ਰਤੀਕਿਰਿਆ ਕੀਤੀ, **ਸੱਚਮੁੱਚ ਯਹੋਵਾਹ ਏਸ ਅਸਥਾਨ ਵਿੱਚ ਹੈ ਪਰ ਮੈਂ ਨਾ ਜਾਤਾ**। ਪਰਮੇਸ਼ੁਰ ਦਾ ਇਹ ਨਾਟਕੀ ਪਰਕਾਸ਼ ਅਚਾਣਕ ਹੋਇਆ ਸੀ। ਕੀ ਯਾਕੂਬ ਪਹਿਲਾਂ ਕਦੇ ਇਹ ਨਹੀਂ ਸੀ ਸਮਝਿਆ ਕਿ ਅਸਲ ਵਿਚ ਪਰਮੇਸ਼ੁਰ ਉਸ ਦੇ ਜੀਵਨ ਵਿਚ ਮੌਜੂਦ ਹੋ ਸਕਦਾ ਹੈ? ਨਿਸ਼ਚਤ ਤੌਰ ਤੇ ਉਸ ਨੇ ਉਸ ਇਲਾਕੇ ਵਿਚ ਅਜਿਹਾ ਕੁਝ ਵੀ ਹੋਣ ਦੀ ਉਮੀਦ ਨਹੀਂ ਸੀ ਕੀਤੀ ਜਿੱਥੇ ਕੋਈ ਪਵਿੱਤਰ ਅਸਥਾਨ ਜਾਂ ਮੰਦਿਰ ਨਹੀਂ ਸੀ।[੭]

**ਆਇਤ 17.** ਜੇਕਰ ਯਾਕੂਬ ਬਿਨਾਂ ਕਿਸੇ ਡਰ ਦੇ ਸੁੱਤਾ ਸੀ, ਹੁਣ ਜਦੋਂ ਉਹ ਨੀਂਦਰ ਤੋਂ ਜਾਗਿਆ ਤਾਂ **ਉਹ ਡਰ ਗਿਆ**। ਯਹੋਵਾਹ ਦੀ ਹਜ਼ੂਰੀ ਨੇ ਉਸ ਨੂੰ ਭੈਭੀਤ ਕਰ ਦਿੱਤਾ। ਉਸ ਨੇ ਚੀਕ ਕੇ ਆਖਿਆ, **ਏਹ ਅਸਥਾਨ ਕਿੱਡਾ ਭਿਆਣਕ ਹੈ!** ਉਹ ਸਮਝ ਗਿਆ ਸੀ ਕਿ ਉਹ ਪਵਿੱਤਰ ਜ਼ਮੀਨ ਉੱਤੇ ਸੁੱਤਾ ਸੀ ਕਿਉਂਕਿ ਪਰਮੇਸ਼ੁਰ ਉਸ ਥਾਂ ਤੇ ਇਕ ਖਾਸ ਤਰੀਕੇ ਨਾਮ ਮੌਜੂਦ ਸੀ। ਇਹ ਥਾਂ ਜਿਸ ਦਾ ਪੁਰਖੇ ਦੇ ਲਈ ਪਹਿਲਾਂ ਕੋਈ ਮਹੱਤਵ ਨਹੀਂ ਸੀ ਹੁਣ ਬਹੁਤ ਜ਼ਿਆਦਾ ਮਹੱਤਵਪੂਰਣ ਬਣ ਗਈ, ਜਿਵੇਂ ਕਿ ਉਸ ਨੇ ਦੋ ਵਰਣਾਤਮਕ ਵਾਕਾਂ ਨਾਲ ਸੰਕੇਤ ਦਿੱਤਾ ਸੀ।

ਪਹਿਲਾ, ਯਾਕੂਬ ਨੇ ਉਸ ਥਾਂ ਨੂੰ **ਪਰਮੇਸ਼ੁਰ ਦਾ ਘਰ** ਆਖਿਆ। ਇਹ ਰੱਬੀ ਅਸਥਾਨ (ਪਵਿੱਤਰ ਅਸਥਾਨ) ਦੇ ਲਈ ਆਮ ਤੌਰ ਤੇ ਵਰਤਿਆ ਜਾਣ ਵਾਲਾ ਸ਼ਬਦ ਸੀ, ਜਿਥੇ ਪ੍ਰਾਚੀਨ ਲੋਕਾਂ ਦਾ ਮੰਨਣਾ ਸੀ ਕਿ ਦੇਵਤੇ ਵਾਸ ਕਰਦੇ ਸਨ। ਫਿਰ ਵੀ, ਯਾਕੂਬ ਇਹ ਸਮਝ ਗਿਆ ਕਿ ਪਰਮੇਸ਼ੁਰ ਦੇ ਘਰ ਨੂੰ ਕਿਸੇ ਦੁਨਿਆਵੀ ਮੰਦਿਰ ਤੱਕ ਸੀਮਤ ਨਹੀਂ ਸੀ ਕੀਤਾ ਜਾ ਸਕਦਾ, ਜਿਵੇਂ ਕਿ ਉਨ੍ਹਾਂ ਥਾਵਾਂ ਵਿਚ ਜਿੱਥੇ ਮਨੁੱਖ ਪੂਜਾ ਕਰਨ ਦੇ ਲਈ ਜਾਂਦੇ ਸਨ। ਬਲਕਿ, ਇਹ ਪਰਮੇਸ਼ੁਰ ਦੇ ਲੋਕਾਂ ਨਾਲ ਉਹ ਜਿੱਥੇ ਕਿਤੇ ਵੀ ਹੁੰਦੇ ਸਨ ਉਸ ਦੀ ਆਤਮਿਕ ਹਜ਼ੂਰੀ ਹੁੰਦੀ ਸੀ।

ਦੂਜਾ, ਯਾਕੂਬ ਨੇ ਉਸ ਥਾਂ ਨੂੰ **ਅਕਾਸ਼ ਦੀ ਡੇਉਢੀ** ਆਖਿਆ, ਕਿਉਂਕਿ ਇਹ ਖੁਦ ਪਰਮੇਸ਼ੁਰ ਦੀ ਵੱਲ ਲੈ ਕੇ ਜਾਂਦੀ ਸੀ। ਇਹ ਭਾਸ਼ਾ ਬਾਬਲ ਦੇ ਬੁਰਜ ਦੀ ਕਹਾਣੀ ਦੀ ਯਾਦ ਤਾਜ਼ਾ ਕਰਾਉਂਦੀ

ਹੈ (11:4, 9); "ਬਾਬਲ" ਨਾਂ ਦਾ ਅਰਥ ਹੈ "ਪਰਮੇਸ਼ੁਰ ਦੀ ਡੇਉਢੀ" ਜਾਂ "ਦੇਵਤਾ (ਦੇਵਤਿਆਂ) ਦੀ ਡੇਉਢੀ।" ਜਦ ਕਿ ਯਾਕੂਬ ਦੇ ਸੁਫਨੇ ਵਿਚ ਸੁਰਗ ਨੂੰ ਜਾਣ ਵਾਲੀ ਇਕ ਪੌੜੀ ਸੀ, ਅਸਲ ਵਿਚ ਬੈਤਏਲ ਵਿਚ ਕੋਈ ਮੀਨਾਰ ਨਹੀਂ ਸੀ।

ਜਦ ਕਿ "ਪਰਮੇਸ਼ੁਰ ਦਾ ਘਰ" ਅਤੇ "ਅਕਾਸ਼ ਦੀ ਡੇਉਢੀ" ਦੋਵੇਂ ਪਰਗਟਾਵੇ ਮੂਰਤੀਪੂਜਾ ਦੁਆਰਾ ਕਲੰਕਿਤ ਸਨ, ਉਨ੍ਹਾਂ ਨੇ ਇਕ ਨਵਾਂ ਆਤਮਿਕ ਮਹੱਤਵ ਲੈਣਾ ਸ਼ੁਰੂ ਕਰ ਦਿੱਤਾ। ਹੁਣ ਤੋਂ ਉਹ ਉਨ੍ਹਾਂ ਨੂੰ ਮਨੁੱਖ ਦੇ ਬਣਾਏ ਹੋਏ ਧਾਰਮਿਕ ਅਸਥਾਨਾਂ ਅਤੇ ਮੰਦਿਰਾਂ ਦੇ ਸੰਦਰਭਾਂ ਵਜੋਂ ਨਹੀਂ ਸਮਝੇਗਾ ਜਿੱਥੇ ਮਨੁੱਖ ਦੇਵਤਿਆਂ ਨੂੰ ਤੋਹਫ਼ਿਆਂ ਅਤੇ ਬਲੀਆਂ ਦੁਆਰਾ ਖੁਸ਼ ਕਰਨ ਦੁਆਰਾ ਉਨ੍ਹਾਂ ਨਾਲ ਗੱਲਬਾਤ ਕਰਨ ਦੇ ਲਈ ਜਾਂਦੇ ਸਨ। ਇਸ ਤੋਂ ਇਲਾਵਾ, ਹੁਣ ਉਹ ਜਾਣ ਗਿਆ ਸੀ ਕਿ ਇਸ ਤੋਂ ਪਹਿਲਾਂ ਕਿ ਪਰਮੇਸ਼ੁਰ ਕਿਸੇ ਨੂੰ ਬਰਕਤ ਦੇਵੇ ਅਤੇ ਉਸ ਨੂੰ ਆਪਣੇ ਨਾਲ ਸੰਗਤੀ ਵਿਚ ਦਾਖਲ ਹੋਣ ਦੇ ਲਈ ਆਖੇ, ਉਸ ਵਿਅਕਤੀ ਨੂੰ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਾਹਮਣੇ ਯੋਗ ਸਾਬਤ ਕਰਨ ਦੀ ਕੋਈ ਲੋੜ ਨਹੀਂ ਸੀ। ਇਸ ਦੇ ਉਲਟ, ਇਸ ਨਾਟਕੀ ਸੁਫਨੇ ਦੇ ਰੂਪ ਵਿਚ, ਪਰਮੇਸ਼ੁਰ ਨੇ ਆਪਣੇ ਆਪ ਨੂੰ ਯਾਕੂਬ ਅਰਥਾਤ ਇਕ ਪਾਪੀ ਮਨੁੱਖ ਤੇ ਪਰਗਟ ਕਰਨ ਦੀ ਪਹਿਲ ਕੀਤੀ ਸੀ। ਉਸ ਨੇ ਉਹ ਨੂੰ ਸੱਦਿਆ ਅਤੇ ਬਰਕਤ ਦਿੱਤੀ, ਜਿਵੇਂ ਉਸ ਤੋਂ ਪਹਿਲਾਂ ਉਸ ਨੇ ਉਹ ਦੇ ਦਾਦੇ ਅਬਰਾਹਾਮ ਅਤੇ ਪਿਉ ਇਸਹਾਕ ਨੂੰ ਬਰਕਤ ਦਿੱਤੀ ਸੀ।

**ਯਾਕੂਬ ਦੀ ਸੁੱਖਣਾ (28:18-22)**

**18ਯਾਕੂਬ ਸਵੇਰੇ ਉੱਠਿਆ ਅਰ ਉਸ ਪੱਥਰ ਨੂੰ ਲੈਕੇ ਜਿਹੜਾ ਉਸ ਨੇ ਸਰਹਾਣੇ ਲਈ ਰੱਖਿਆ ਸੀ ਥੰਮ੍ਹ ਲਈ ਖੜਾ ਕੀਤਾ ਅਰ ਉਸ ਉੱਤੇ ਤੇਲ ਡੋਹਲਿਆ। 19ਉਸ ਨੇ ਉਸ ਅਸਥਾਨ ਦਾ ਨਾਉਂ ਬੈਤਏਲ ਰੱਖਿਆ ਪਰ ਪਹਿਲਾਂ ਉਸ ਨਗਰ ਦਾ ਨਾਉਂ ਲੂਜ਼ ਹੈ ਸੀ। 20ਯਾਕੂਬ ਨੇ ਏਹ ਆਖ ਕੇ ਸੁੱਖਣਾ ਸੁੱਖੀ ਭਈ ਜੇ ਯਹੋਵਾਹ ਪਰਮੇਸ਼ੁਰ ਮੇਰੇ ਅੰਗ ਸੰਗ ਹੋਵੇ ਅਰ ਇਸ ਮਾਰਗ ਵਿੱਚ ਜਿਸ ਵਿੱਚ ਮੈਂ ਤੁਰਿਆ ਜਾਂਦਾ ਹਾਂ ਮੇਰੀ ਰਾਖੀ ਕਰੇ ਅਰ ਖਾਣ ਨੂੰ ਪਰਸ਼ਾਦੀ ਅਰ ਪਾਉਣ ਨੂੰ ਬਸਤ੍ਰ ਮੈਨੂੰ ਦੇਵੇ 21ਅਤੇ ਮੈਂ ਸ਼ਾਂਤੀ ਨਾਲ ਆਪਣੇ ਪਿਤਾ ਦੇ ਘਰ ਨੂੰ ਮੁੜਾਂ ਤਾਂ ਯਹੋਵਾਹ ਮੇਰਾ ਪਰਮੇਸ਼ੁਰ ਹੋਵੇਗਾ 22ਅਤੇ ਏਹ ਪੱਥਰ ਜਿਸ ਨੂੰ ਮੈਂ ਥੰਮ੍ਹ ਖੜਾ ਕੀਤਾ ਪਰਮੇਸ਼ੁਰ ਦਾ ਘਰ ਹੋਵੇਗਾ ਅਰ ਸਾਰੀਆਂ ਚੀਜ਼ਾਂ ਦਾ ਜੋ ਤੂੰ ਮੈਨੂੰ ਦੇਵੇਂਗਾ ਮੈਂ ਜ਼ਰੂਰ ਤੈਨੂੰ ਦਸੌਂਧ ਦਿਆਂਗਾ।**

**ਆਇਤਾਂ 18, 19.** ਉਤੇਜਿਤ ਕਰਨ ਵਾਲੇ ਅਤੇ ਅਨੋਖੇ ਸੁਫਨੇ ਨੂੰ ਵੇਖਣ ਤੋਂ ਬਾਅਦ **ਯਾਕੂਬ** ਬਾਕੀ ਦੀ ਰਾਤ ਪੂਰੀ ਤਰ੍ਹਾਂ ਸੌਂ ਨਹੀਂ ਪਾਇਆ। ਉਹ **ਸਵੇਰੇ ਉੱਠਿਆ** ਅਤੇ **ਪੱਥਰ ਨੂੰ ਲੈਕੇ ਜਿਹੜਾ ਉਸ ਨੇ ਸਰਹਾਣੇ ਲਈ ਰੱਖਿਆ ਸੀ ਥੰਮ੍ਹ** (מַצֵּבָה, *ਮੈਟਸਟਸੀਬਾਹ*) **ਲਈ ਖੜਾ ਕੀਤਾ**। ਫਿਰ **ਉਸ ਉੱਤੇ ਤੇਲ ਡੋਹਲਿਆ** ਅਤੇ ਇਸ ਨੂੰ ਇਕ ਖਾਸ ਧਾਰਮਿਕ ਮਹੱਤਵ ਵਾਲੀ ਥਾਂ ਦੇ ਰੂਪ ਵਿਚ ਪਵਿੱਤਰ ਕੀਤਾ। ਹਾਲਾਂਕਿ ਇਹ ਬਾਈਬਲ ਦੀ ਵਾਰਤਾ ਵਿਚ ਕਿਸੇ ਪੱਥਰ ਨੂੰ ਖੜਾ ਕਰਨ ਦਾ ਪਹਿਲਾ ਹਵਾਲਾ ਹੈ, ਇਹ ਅਸੰਭਵ ਹੈ ਕਿ ਯਾਕੂਬ ਇਕ ਨਵੀਂ ਰੀਤ ਨੂੰ ਸ਼ੁਰੂ ਕਰ ਰਿਹਾ ਸੀ ਜਦੋਂ ਉਸ ਨੇ ਇਸ ਪੱਥਰ ਦੇ ਉੱਤੇ ਤੇਲ ਡੋਹਲਿਆ। ਉਸ ਨੇ **ਉਸ ਅਸਥਾਨ ਦਾ ਨਾਉਂ ਲੂਜ਼** ਤੋਂ ਬਦਲ ਕੇ **ਬੈਤਏਲ** ("ਪਰਮੇਸ਼ੁਰ ਦਾ ਘਰ") **ਰੱਖਿਆ**। ਇਹ ਕਨਾਨੀ **ਨਗਰ** ਜੋ ਕਿ ਬਹੁਤ ਹੀ ਘੱਟ ਪ੍ਰਸਿੱਧ ਸੀ ਅੱਗੇ ਆਉਣ ਵਾਲੀਆਂ ਸਦੀਆਂ ਵਿਚ ਇਸਰਾਏਲ ਦੀ ਬੰਦਗੀ ਦਾ ਪ੍ਰਮੁੱਖ ਕੇਂਦਰ ਬਣਨਾ ਸੀ।

ਬਾਈਬਲ ਦੇ ਆਰੰਭਕ ਬਿਰਤਾਂਤਾਂ ਵਿਚ ਖੜੇ ਕੀਤੇ ਗਏ ਪੱਥਰਾਂ ਦੇ ਹਵਾਲੇ ਸੀਮਤ ਹਨ, ਫਿਰ ਵੀ ਥੰਮ੍ਹਾਂ ਦਾ ਜ਼ਿਕਰ ਅਕਸਰ ਇਹ ਸੁਝਾਅ ਦੇਣ ਲਈ ਕੀਤਾ ਗਿਆ ਹੈ ਕਿ ਉਹ ਪੁਰਖਿਆਂ ਦੇ ਸਮੇਂ ਅਤੇ ਮੂਸਾ ਦੇ ਜੀਵਨ ਦੌਰਾਨ ਪ੍ਰਸਿੱਧ ਹੋਏ ਸਨ। ਪੱਥਰ ਦੇ ਥੰਮ੍ਹਾਂ ਦੇ ਵੱਖ-ਵੱਖ ਕੰਮ ਸਨ। (1) ਉਹ ਪਰਮੇਸ਼ੁਰ ਦੇ ਲੋਕਾਂ ਨਾਲ ਉਸ ਦੀ ਹਜ਼ੂਰੀ ਦੇ ਦ੍ਰਿਸ਼ ਚਿੰਨ੍ਹਾਂ ਦਾ ਕੰਮ ਕਰਦੇ ਸਨ (28:18, 22; 31:13; 35:14)। (2) ਸੀਨਈ ਪਹਾੜ ਤੇ, ਮੂਸਾ ਨੇ ਪਰਮੇਸ਼ੁਰ ਅਤੇ ਉਸ ਦੇ ਨੇਮ ਦੇ ਅਧੀਨ ਇਸਰਾਏਲ ਦੇ ਬਾਰਾਂ ਗੋਤਾਂ ਦੀ ਏਕਤਾ ਨੂੰ ਦਰਸਾਉਣ ਦੇ ਲਈ ਬਾਰਾਂ ਥੰਮ੍ਹ ਖੜੇ ਕੀਤੇ (ਕੂਚ 24:4)। (3) ਕਈ ਵਾਰ ਵਿਅਕਤੀਆਂ ਨੇ ਹੱਦਾਂ ਨੂੰ ਸਥਾਪਿਤ ਕਰਨ ਜਾਂ ਬਰਾਬਰ ਦੀਆਂ ਪਾਰਟੀਆਂ ਵਿਚਕਾਰ ਇਕ ਸੰਧੀ ਦੇ ਲਈ ਸਾਖੀ ਦੇ ਰੂਪ ਵਿਚ ਕੰਮ ਕਰਨ ਦੇ ਲਈ ਥੰਮ੍ਹਾਂ ਦਾ ਇਸਤੇਮਾਲ ਕੀਤਾ ਸੀ (31:45, 51, 52)। (4) ਥੰਮ੍ਹ ਅਜੀਜ਼ਾਂ ਦੀ ਕਬਰ ਤੇ ਨਿਸ਼ਾਨ ਲਗਾਉਣ ਦੇ ਲਈ ਸਮਾਰਕਾਂ ਦਾ ਵੀ ਕੰਮ ਕਰਦੇ (35:20) ਅਤੇ ਕਦੀ-ਕਦੀ ਉਨ੍ਹਾਂ ਨੂੰ ਉਨ੍ਹਾਂ ਵਿਅਕਤੀਆਂ ਦੇ ਸਮਾਰਕਾਂ ਦੇ ਰੂਪ ਵਿਚ ਖੜ੍ਹਾ ਕੀਤਾ ਜਾਂਦਾ ਸੀ ਜੋ ਹਾਲੇ ਜ਼ਿੰਦਾ ਹੁੰਦੇ ਸਨ (2 ਸਮੂਏਲ 18:18)।

ਜਦੋਂ ਇਸਰਾਏਲੀ ਲੋਕ ਵਾਇਦੇ ਦੇ ਦੇਸ ਵਿਚ ਦਾਖਲ ਹੋਣ ਦੀ ਤਿਆਰੀ ਕਰ ਰਹੇ ਸਨ, ਮੂਸਾ ਨੇ ਉਨ੍ਹਾਂ ਨੂੰ ਕਨਾਨੀ ਥੰਮ੍ਹਾਂ ਦੇ ਖ਼ਤਰਿਆਂ ਬਾਰੇ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ। ਬਾਹਰੋਂ ਵੇਖਣ ਤੇ, ਉਹ ਕੋਈ ਵੀ ਨੁਕਸਾਨ ਨਾ ਪਹੁੰਚਾਉਣ ਵਾਲੇ ਸਮਾਰਕ ਜਾਪਦੇ ਸਨ; ਬਾਹਰੋਂ ਵੇਖਣ ਵਿਚ, ਉਹ ਹਾਨੀਕਾਰਕ ਸਮਾਰਕ ਨਹੀਂ ਸੀ ਜਾਪਦੇ; ਅਸਲ ਵਿਚ, ਉਹ ਮੂਰਤੀਪੂਜਕ ਬੰਦਗੀ ਅਤੇ ਘਟੀਆ ਅਨੈਤਿਕਤਾ ਦਾ ਇਕ ਮਹੱਤਵਪੂਰਣ ਹਿੱਸਾ ਬਣ ਗਏ ਸਨ। ਇਸ ਲਈ, ਪਰਮੇਸ਼ੁਰ ਦੇ ਲੋਕਾਂ ਨੂੰ ਪਵਿੱਤਰ ਥੰਮ੍ਹਾਂ ਨੂੰ ਖੜੇ ਨਾ ਕਰਨ (ਬਿਵਸਥਾ ਸਾਰ 16:22) ਪਰ ਉਨ੍ਹਾਂ ਨੂੰ ਨਾਸ ਕਰਨ (ਕੂਚ 23:24; 34:13; ਬਿਵਸਥਾ ਸਾਰ 7:5; 12:3) ਦੀ ਨਸੀਹਤ ਦਿੱਤੀ ਗਈ ਸੀ। ਇੰਨੇ ਸਖਤ ਕਦਮ ਉਠਾਉਣ ਦਾ ਕਾਰਣ ਇਹ ਸੀ ਕਿ ਕਿਉਂਕਿ ਯਹੋਵਾਹ ਜਾਣਦਾ ਸੀ ਕਿ ਲੋਕ ਕਿੰਨੀ ਅਸਾਨੀ ਨਾਲ ਇਸ ਪੱਥਰ ਦੇ ਥੰਮ੍ਹ ਨੂੰ ਇਕ ਚਿੰਨ੍ਹ ਤੋਂ ਮੂਰਤੀ (ਤਸਵੀਰ) ਵਿਚ ਬਦਲ ਕੇ ਇਸ ਦੀ ਪੂਜਾ ਕਰਨੀ ਸ਼ੁਰੂ ਕਰ ਸਕਦੇ ਸਨ। ਦੁੱਖ ਦੀ ਗੱਲ ਇਹ ਹੈ ਕਿ ਕਨਾਨੀ ਗੈਰ-ਯਹੂਦੀ ਪੰਥਾਂ ਦਾ ਆਕਰਸ਼ਣ ਇਸਰਾਏਲੀਆਂ ਦੇ ਵਿਚ ਬਹੁਤ ਜ਼ਿਆਦਾ ਵੱਧ ਗਿਆ ਅਤੇ ਉਨ੍ਹਾਂ ਨੇ ਮੂਰਤੀਪੂਜਾ ਕਰਨੀ ਸ਼ੁਰੂ ਕਰ ਦਿੱਤੀ। ਅੰਤ ਵਿਚ, ਇਹ ਇਕ ਕੌਮ ਦੇ ਰੂਪ ਵਿਚ ਉਨ੍ਹਾਂ ਨੂੰ ਉਨ੍ਹਾਂ ਦੇ ਨਾਸ ਅਤੇ ਉਨ੍ਹਾਂ ਦੇ ਵੈਰੀਆਂ ਦੇ ਹੱਥੋਂ ਉਨ੍ਹਾਂ ਦੀ ਗੁਲਾਮੀ ਦੀ ਵੱਲ ਲੈ ਗਿਆ (1 ਰਾਜਿਆਂ 11:4-8; 14:21-28; 2 ਰਾਜਿਆਂ 17:6-18; 23:4-8, 13-15, 24-27; 24:1-4)।

**ਆਇਤਾਂ 20-22.** ਸੁਫਨੇ ਵਿਚ ਪਰਮੇਸ਼ੁਰ ਨਾਲ ਹੋਈ ਗੱਲਬਾਤ ਦਾ ਜਵਾਬ **ਯਾਕੂਬ** ਨੇ **ਸੁੱਖਣਾ** ਸੁੱਖ ਕੇ ਦਿੱਤਾ ਜਿਸ ਦੇ ਵਿਚ ਗੁੰਝਲਦਾਰ **ਜੇ ... ਤਾਂ** ਕਥਨ ਸ਼ਾਮਲ ਸੀ। ਪੁਰਖਾ ਯਹੋਵਾਹ ਨਾਲ ਸੌਦੇਬਾਜੀ ਕਰ ਰਿਹਾ ਸੀ ਜੇਕਰ ਤੂੰ ਮੈਨੂੰ ਮੇਰੀਆਂ ਕੁਝ ਸ਼ਰਤਾਂ ਪੂਰੀਆਂ ਕਰੇਂਗਾ ਤਾਂ ਉਸ ਦੇ ਬਦਲੇ ਮੈਂ ਤੇਰੀ ਸੇਵਾ ਕਰਾਂਗਾ।[10] ਪਹਿਲੀ ਸ਼ਰਤ, ਉਸ ਨੇ **ਪਰਮੇਸ਼ੁਰ** ਕੋਲੋਂ ਮੰਗਿਆ ਕਿ ਤੂੰ ਮੇਰੇ **ਅੰਗ ਸੰਗ** ਹੋ ਅਤੇ ਮੇਰੇ **ਮਾਰਗ** ਵਿਚ ਮੇਰੀ **ਰਾਖੀ ਕਰ**। ਦੂਜੀ ਸ਼ਰਤ, ਉਸ ਨੇ ਪਰਮੇਸ਼ੁਰ ਕੋਲੋਂ ਮੰਗਿਆ ਕਿ ਤੂੰ ਮੈਨੂੰ **ਖਾਣ ਨੂੰ ਪਰਸ਼ਾਦੀ ਅਰ ਪਾਉਣ ਨੂੰ ਬਸਤ੍ਰ ਮੈਨੂੰ** ਦਿਹ। ਅੰਤ ਵਿਚ, ਉਹ ਚਾਹੁੰਦਾ ਸੀ ਕਿ ਯਹੋਵਾਹ ਉਸ ਨੂੰ ਉਸ ਦੇ **ਪਿਤਾ ਦੇ ਘਰ** ਵਿਚ ਵਾਪਸ ਸੁਰੱਖਿਅਤ ਲੈ ਕੇ ਆਵੇ। ਜੇਕਰ ਪਰਮੇਸ਼ੁਰ ਇਹ ਸਾਰੀਆਂ ਗੱਲਾਂ ਕਰੇਗਾ, ਤਾਂ ਯਾਕੂਬ ਆਪਣੀਆਂ

ਨਿਸ਼ਚਤ ਜ਼ਿੰਮੇਵਾਰੀਆਂ ਨੂੰ ਪੂਰਾ ਕਰੇਗਾ। ਉਸ ਨੇ ਵਾਇਦਾ ਕੀਤਾ ਕਿ **ਯਹੋਵਾਹ ਮੇਰਾ ਪਰਮੇਸ਼ੁਰ ਹੋਵੇਗਾ**। ਉਹ **ਪੱਥਰ** ਨੂੰ ਪਵਿੱਤਰ ਕਰੇਗਾ ਜੋ ਉਸ ਨੇ **ਇਕ ਥੰਮ੍ਹ ਦੇ ਰੂਪ ਵਿਚ ਖੜਾ ਕੀਤਾ ਸੀ** ਅਤੇ ਉਹ ਥੰਮ੍ਹ **ਪਰਮੇਸ਼ੁਰ ਦੇ ਘਰ** ਦਾ ਪ੍ਰਤੀਕ ਹੋਵੇਗਾ। ਅੰਤ ਵਿਚ, ਉਸ ਨੇ ਵਾਇਦਾ ਕੀਤਾ ਕਿ ਮੈਂ **ਸਾਰੀਆਂ ਚੀਜ਼ਾਂ ਦਾ ਜੋ ਤੂੰ ਮੈਨੂੰ ਦੇਵੇਂਗਾ ਮੈਂ ਜ਼ਰੂਰ ਤੈਨੂੰ ਦਸੌਂਧ ਦਿਆਂਗਾ** (ਵੇਖੋ 14:20)। ਇਹ ਆਖ਼ਰੀ ਕਥਨ ਯਹੋਵਾਹ ਦੇ ਪ੍ਰਤੀ ਉਸ ਦੇ ਸਮਰਪਣ ਦੀ ਗੰਭੀਰਤਾ ਵੱਲ ਇਸ਼ਾਰਾ ਕਰਦਾ ਹੈ।[11]

ਬੈਤਏਲ ਵਿਚ ਯਾਕੂਬ ਦਾ ਅਨੁਭਵ ਉਸ ਦੇ ਲਈ ਨਵੀਂ ਪ੍ਰਕਿਰਿਆ ਵਿਚ ਢਲਣ ਦੀ ਸ਼ੁਰੂਆਤ ਸੀ, ਪਰ ਹਾਲੇ ਵੀ ਉਸ ਨੇ ਬਹੁਤ ਕੁਝ ਸਿੱਖਣਾ ਸੀ ਕਿ ਇਕ ਰੱਬੀ ਮਿਸ਼ਨ ਤੇ ਪਰਮੇਸ਼ੁਰ ਦਾ ਜਨ ਹੋਣ ਦਾ ਕੀ ਅਰਥ ਹੈ। ਯਾਕੂਬ ਨੂੰ ਆਪਣੇ ਚਰਿੱਤਰ ਦਾ ਨਿਰਮਾਣ ਕਰਨ ਦੇ ਲਈ ਕਈ ਮੁਸ਼ਕਲ ਸਾਲ ਲੱਗ ਜਾਣਗੇ ਤਾਂ ਕਿ ਉਹ ਡੂੰਘੇ ਪੱਧਰ ਤੇ ਯਹੋਵਾਹ ਤੇ ਭਰੋਸਾ ਕਰ ਸਕਦਾ ਅਤੇ ਆਪਣੇ ਜੀਵਨ ਵਿਚ ਧਾਰਮਿਕਤਾ ਦੇ ਫਲ ਉਤਪੰਨ ਕਰ ਸਕਦਾ। ਘੱਟੋ-ਘੱਟ, ਹਾਰਾਨ ਵਿਚ ਆਪਣੇ ਲਈ ਤੀਵੀਂ ਨੂੰ ਲੱਭਣ ਦੇ ਲਈ ਜਾਣ ਦਾ ਇਕ ਡੂੰਘਾ ਅਰਥ ਸੀ। ਇਹ ਉਸ ਦੇ ਲਈ ਸਿਰਫ ਇਕ ਤੀਵੀਂ ਨੂੰ ਲੱਭਣ ਦੀ ਹੀ ਨਹੀਂ, ਪਰ ਪਰਮੇਸ਼ੁਰ ਦੀ ਯੋਜਨਾ ਵਿਚ ਆਪਣੇ ਆਪ ਨੂੰ "ਪਿਰਥਵੀ ਦੇ ਸਾਰੇ ਟੱਬਰਾਂ ਦੇ ਲਈ" ਬਰਕਤਾਂ ਦਾ ਕਾਰਣ ਬਣਨ ਦੀ ਵੀ ਤੀਰਥ ਯਾਤਰਾ ਬਣੀ (28:14)।

# ਪ੍ਰਾਸੰਗਿਕਤਾ

## ਪਾਪੀ ਮਨੁੱਖ ਪਰਮੇਸ਼ੁਰ ਦਾ ਸਾਹਮਾਣਾ ਕਰਦਾ ਹੈ (ਅਧਿਆਇ 28)

ਬੈਤੇਏਲ ਵਿਚ ਯਾਕੂਬ ਨੂੰ ਪਰਮੇਸ਼ੁਰ ਦੇ ਦਰਸ਼ਣ ਦੇਣ ਤੋਂ ਪਹਿਲਾਂ, ਜਿਸ ਦੇ ਵਿਖੇ ਉਤਪਤ 28:12-15 ਵਿਚ ਲਿਖਿਆ ਹੋਇਆ ਹੈ, ਯਾਕੂਬ ਨੇ ਝੂਠ ਬੋਲਿਆ ਅਤੇ ਮੌਤ ਦੇ ਬਿਸਤਰ ਤੇ ਪਏ ਇਸਹਾਕ ਤੋਂ ਬਰਕਤ ਨੂੰ ਪ੍ਰਾਪਤ ਕਰਨ ਦੇ ਲਈ ਉਸ ਨੂੰ ਧੋਖਾ ਦਿੱਤਾ। ਵਾਰਤਾਕਾਰ ਨੇ ਦੱਸਿਆ ਕਿ ਏਸਾਓ ਆਪਣੇ ਭਰਾ ਨੂੰ ਮਾਰ ਨੇ ਬਦਲਾ ਲੈਣਾ ਚਾਹੁੰਦਾ ਸੀ। ਫਿਰ ਵੀ, ਉਸ ਨੇ ਆਪਣੇ ਪਿਤਾ ਦੀ ਮੌਤ ਤੱਕ ਉਡੀਕ ਕਰਨ ਦਾ ਫ਼ੈਸਲਾ ਕੀਤਾ (27:41)। ਰਿਬਕਾਹ ਨੇ ਵੱਡੇ ਭਰਾ ਦੀ ਯੋਜਨਾ ਬਾਰੇ ਸੁਣ ਲਿਆ ਸੀ; ਪਰ ਉਸ ਨੇ ਇਹ ਗੱਲ ਆਪਣੇ ਪਤੀ ਨੂੰ ਨਹੀਂ ਦੱਸੀ, ਇਹ ਜਾਣਦੇ ਹੋਏ ਕਿ ਇਸ ਨਾਲ ਉਹ ਉਸ ਨਾਲ ਵੈਰ ਕਰੇਗਾ। ਆਖ਼ਰਕਾਰ, ਏਸਾਓ ਉਸ ਦਾ ਪਸੰਦੀਦਾ ਪੁੱਤਰ ਸੀ। ਇਸ ਦੀ ਬਜਾਇ, ਉਸ ਨੇ ਇਸਹਾਕ ਨੂੰ ਦੱਸਿਆ ਕਿ ਉਹ ਇਹ ਸਹਿਣ ਨਹੀਂ ਸੀ ਕਰ ਸਕਦੀ ਕਿ ਯਾਕੂਬ ਕਨਾਨੀਆਂ ਦੇ ਵਿੱਚੋਂ ਆਪਣੇ ਲਈ ਤੀਵੀਂ ਚੁਣੇ, ਜਿਵੇਂ ਕਿ ਏਸਾਓ ਨੇ ਕੀਤਾ ਸੀ (27:46)। ਉਸ ਨੇ ਬੇਨਤੀ ਕੀਤੀ ਕਿ ਉਸ ਦਾ ਪਤੀ ਯਾਕੂਬ ਨੂੰ ਹਾਰਾਨ ਵਿਚ ਉਸ ਦੇ ਭਰਾ ਲਾਬਾਨ ਕੋਲ ਇਕ ਤੀਵੀਂ ਲੱਭਣ ਦੇ ਲਈ ਭੇਜ ਦੇਵੇ, ਜਿੱਥੇ ਕਈ ਵਰਹੇ ਪਹਿਲਾਂ ਅਬਰਾਹਾਮ ਦੇ ਨੌਕਰ ਨੇ ਉਸ ਨੂੰ ਲੱਭਿਆ ਸੀ (28:1-5)।

*ਇਕ ਪਾਪੀ ਦਾ ਘਰੋਂ ਭੱਜਣਾ।* ਯਾਕੂਬ ਨੇ ਚਾਰ ਸੌ ਤੋਂ ਵੀ ਵੱਧ ਮੀਲਾਂ ਦਾ ਲੰਬਾ ਸਫਰ ਇਸ ਮਿਸ਼ਨ ਦੀ ਸਫ਼ਲਤਾ ਬਾਰੇ ਬਹੁਤ ਜ਼ਿਆਦਾ ਘਬਰਾਹਟ ਅਤੇ ਸੰਦੇਹ ਨਾਲ ਸ਼ੁਰੂ ਕੀਤਾ ਹੋਵੇਗਾ। ਉਹ ਵਿਅਕਤੀ ਜੋ ਸੋਚਦੇ ਸਨ ਕਿ ਉਸ ਦੇ ਕੋਲ ਹੁਣ ਸਾਰੇ ਉੱਤਰ ਸਨ ਅਸਲ ਵਿਚ ਉਸ ਦੇ ਕੋਲ ਕੋਈ ਉੱਤਰ ਨਹੀਂ ਸੀ; ਇਹ ਸਪੱਸ਼ਟ ਤੌਰ ਤੇ ਉਸ ਦੇ ਜੀਵਨ ਦਾ ਸਭ ਤੋਂ ਮਾੜਾ ਸਮਾਂ ਸੀ।

ਉਸੇ ਨੇ ਧਨ ਦੌਲਤ, ਅਧਿਕਾਰ ਅਤੇ ਅਗਵਾਈ ਨੂੰ ਆਪਣੀ ਮੁੱਠੀ ਵਿਚ ਕਲ ਲਿਆ ਸੀ; ਪਰ ਇਹ ਸਭ ਕੁਝ ਹਾਸਲ ਕਰਨ ਦੀ ਕੋਸ਼ਿਸ਼ ਵਿਚ, ਉਹ ਅਸਲ ਵਿਚ ਜਦੋਂ ਘਰੋਂ ਗਿਆ ਸੀ ਤਾਂ ਆਪਣੇ ਨਾਲ ਕੁਝ ਵੀ ਨਹੀਂ ਸੀ ਲੈ ਕੇ ਗਿਆ। ਮਲਕੀਅਤ ਅਤੇ ਅਧਿਕਾਰ ਦੇ ਲਈ ਉਸ ਦੇ ਲਾਲਚ ਨੇ – ਏਸਾਓ ਦੁਆਰਾ ਖਾਧੀ ਗਈ ਸੌਂਹ ਅਤੇ ਉਸ ਦੇ ਪਿਤਾ ਦੀ ਅਟੱਲ ਬਰਕਤ – ਉਸ ਦੀ ਲਈ ਮਲਕੀਅਤ ਦਾ ਦੁਗਣਾ ਹਿੱਸਾ ਅਤੇ ਪਰਿਵਾਰ ਦੀ ਅਗਵਾਈ ਦੇ ਵਾਇਦੇ ਨੂੰ ਪ੍ਰਾਪਤ ਕੀਤਾ ਸੀ। ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਫਿਲਹਾਲ ਉਸ ਨੂੰ ਫਾਇਦਾ ਨਹੀਂ ਪਹੁੰਚਾਵੇਗੀ ਜਾਂ ਉਸ ਨੂੰ ਹਾਰਾਨ ਵਿਚ ਇਕ ਉਚਿਤ ਜੀਵਨ ਪ੍ਰਾਪਤ ਕਰਨ ਦੇ ਯੋਗ ਨਹੀਂ ਬਣਾਵੇਗੀ। ਭਾਵੇਂ ਕਿ ਉਹ ਇਸ ਸਫਰ ਦੇ ਪਹਿਲੇ ਹਿੱਸੇ ਵਿਚ ਸਫ਼ਲ ਸੀ, ਉਸ ਦੇ ਲਈ ਬਏਰਸਬਾ ਨੂੰ ਸੁਰੱਖਿਅਤ ਅਤੇ ਖੁਸ਼ੀ-ਖੁਸ਼ੀ ਪਰਤਣ ਦੀ ਸੰਭਾਵਨਾ ਅਤੇ ਉਸ ਦਾ ਨਵਾਂ ਜੀਵਨ ਉਸ ਨੂੰ ਅਸੰਭਵ ਪ੍ਰਤੀਤ ਹੁੰਦਾ ਹੋਵੇਗਾ।

ਜਦੋਂ ਯਾਕੂਬ ਘਰ ਨੂੰ ਛੱਡ ਕੇ ਗਿਆ, ਉਹ ਉਨ੍ਹਾਂ ਸਭਨਾਂ ਦਾ ਆਦਰਸ਼ ਜਾਂ ਨਮੂਨਾ ਹੈ ਜਿਹੜੇ ਲਾਲਚੀ ਅਤੇ ਸੁਆਰਥੀ ਹਨ ਅਤੇ ਜਿਨ੍ਹਾਂ ਅੰਦਰ ਈਮਾਨਦਾਰੀ ਦੀ ਘਾਟ ਹੈ। ਅਜਿਹੇ ਲੋਕ ਉਨ੍ਹਾਂ ਲੋਕਾਂ ਦੇ ਲਈ ਬਿਨਾਂ ਕਿਸੇ ਚਿੰਤਾ ਦੇ ਸਫ਼ਲਤਾ ਦੀ ਪੌੜੀ ਚੜ੍ਹਨ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਨੂੰ ਉਹ ਪੌੜੀ ਤੇ ਚੜ੍ਹਨ ਲੱਗਿਆਂ ਆਪਣੇ ਪੈਰਾਂ ਹੇਠ ਮਿੱਧ ਦਿੰਦੇ ਹਨ: ਪਰਿਵਾਰ, ਮਿੱਤਰ ਜਾਂ ਕੰਮ ਵਾਲੀ ਥਾਂ ਤੇ ਤੁਹਾਡੇ ਸਾਥੀ। ਬਹੁਤ ਸਾਰੇ ਲੋਕਾਂ ਨੇ ਇਹ ਦਰਦਨਾਕ ਸਬਕ ਸਿੱਖ ਲਿਆ ਹੈ ਕਿ "ਤੁਹਾਡਾ ਪਾਪ ਤੁਹਾਡੇ ਉੱਤੇ ਆਣ ਪਵੇਗਾ" (ਗਿਣਤੀ 32:23) ਜਿਸ ਦੇ ਨਤੀਜੇ ਅਕਸਰ ਭਿਆਣਕ ਹੁੰਦੇ ਹਨ। ਆਪਣੇ ਜੀਵਨ ਦੇ ਇਸ ਪੜਾਅ ਵਿਚ, ਯਾਕੂਬ ਕੋਲ ਆਪਣੀਆਂ ਧੋਖੇਬਾਜ਼ੀ ਵਾਲੀਆਂ ਯੋਜਨਾਵਾਂ ਦੇ ਨਤੀਜਿਆਂ ਨੂੰ ਜਾਣਨ ਦਾ ਕੋਈ ਤਰੀਕਾ ਨਹੀਂ ਸੀ। ਉਸ ਨੂੰ ਇਹ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ ਕਿ ਉਸ ਦਾ ਸਹੁਰਾ ਲਾਬਾਨ ਉਸ ਦੇ ਲਈ ਬਏਰਸਬਾ ਨੂੰ ਪਰਤਣ ਤੋਂ ਪਹਿਲਾਂ ਹਾਰਾਨ ਵਿਚ ਕਈ ਸਾਲ ਤੱਕ ਜੱਦੋ-ਜਹਿਦ ਕਰਨ ਅਤੇ ਨਿਰਾਸ਼ਾ ਦਾ ਕਾਰਣ ਬਣੇਗਾ।

*ਪਰਮੇਸ਼ੁਰ ਦਾ ਪਿੱਛਾ ਕਰਨਾ।* ਬਏਰਸਬਾ ਤੋਂ ਲੂਜ਼ (ਬੈਤਏਲ) ਤੱਕ ਲਗਭਗ ਤਿੰਨ ਦਿਨਾਂ ਦਾ ਸਫਰ ਕਰਨ ਤੋਂ ਬਾਅਦ, ਯਾਕੂਬ ਸੂਰਜ ਡੁੱਬਣ ਤੋਂ ਬਾਅਦ ਉੱਥੇ ਪਹੁੰਚਿਆ (28:10, 11)। ਹਨੇਰੇ ਵਿਚ, ਉਸ ਨੂੰ ਸਰਹਾਣੇ ਦੇ ਤੌਰ ਤੇ ਵਰਤਣ ਦੇ ਲਈ ਇਕ ਪੱਥਰ ਲੱਭਾ; ਫਿਰ ਉਹ ਜ਼ਮੀਨ ਤੇ ਲੇਟ ਗਿਆ ਅਤੇ ਸੌਂ ਗਿਆ। ਇਹ ਉਸ ਰਾਤ ਦੇ ਹਨੇਰੇ ਅਤੇ ਇਕੱਲਾਪਣ ਤੋਂ ਵੱਧ ਕੇ ਹੋਵੇਗਾ ਜਿਸ ਨੇ ਯਾਕੂਬ ਦੇ ਅੰਦਰ ਕਮਜ਼ੋਰੀ ਦੀ ਭਾਵਨਾ ਪੈਦਾ ਕੀਤੀ ਹੋਵੇਗੀ; ਉਹ ਆਪਣੇ ਜੀਵਨ ਦੀ ਹਨੇਰੀ ਰਾਤ ਦਾ ਵੀ ਅਨੁਭਵ ਕਰ ਰਿਹਾ ਹੋਵੇਗਾ।

ਨਿਸ਼ਚਤ ਤੌਰ ਤੇ, ਉਹ ਸਵਾਲਾਂ, ਸ਼ੱਕਾਂ ਅਤੇ ਡਰਾਂ ਨਾਲ ਭਰਿਆ ਪਿਆ ਸੀ ਜਦੋਂ ਉਸ ਨੇ ਸਖ਼ਤ ਜ਼ਮੀਨ ਤੇ ਸੌਂਣ ਦੀ ਕੋਸ਼ਿਸ਼ ਕੀਤੀ। ਉਹ ਏਸਾਓ ਦੇ ਕਰੋਧ ਤੋਂ ਬਚਣ ਅਤੇ ਇਕ ਪਤਨੀ ਲੱਭਣ ਦੇ ਲਈ ਨਿੱਕਲਿਆ ਸੀ, ਪਰ ਵਾਰਤਾ ਵਿਚ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਉਹ ਪਰਮੇਸ਼ੁਰ ਨੂੰ ਭਾਲ ਰਿਹਾ ਸੀ। ਅਣਜਾਣੇ ਵਿਚ, ਉਹ ਆਪਣੇ ਮਾਤਾ-ਪਿਤਾ ਦੀਆਂ ਕਹਾਣੀਆਂ ਰਾਹੀਂ ਆਪਣੇ ਜੀਵਨ ਵਿਚ ਯਹੋਵਾਹ ਦੀ ਦਖਲਅੰਦਾਜ਼ੀ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੋਵੇਗਾ। ਫਿਰ ਵੀ, ਪਰਮੇਸ਼ੁਰ ਯਾਕੂਬ ਦੇ ਜੀਵਨ ਵਿਚ ਦਾਖ਼ਲ ਹੋਣਾ ਭਾਲ ਰਿਹਾ ਸੀ, ਜਿਵੇਂ ਉਹ ਅਬਰਾਹਾਮ (12:1; ਰਸੂਲਾਂ ਦੇ ਕਰਤੱਬ 7:2) ਅਤੇ ਇਸਹਾਕ (26:2-4, 24, 25) ਦੇ ਜੀਵਨ ਵਿਚ ਦਾਖ਼ਲ ਹੋਇਆ ਸੀ। ਪਹਿਲ ਕਰਦੇ ਹੋਏ, ਪਰਮੇਸ਼ੁਰ ਨੇ ਯਾਕੂਬ ਨੂੰ ਸੁਫਨੇ ਵਿਚ

ਦਰਸ਼ਣ ਦਿੱਤਾ। ਇਸ ਦਰਸ਼ਣ ਵਿਚ ਪਰਮੇਸ਼ੁਰ ਨੇ ਉਸ ਦੇ ਬੀਤੇ ਸਮੇਂ ਦੇ ਸ਼ਰਮਿੰਦਗੀ ਵਾਲੇ ਜੀਵਨ ਨੂੰ ਨਹੀਂ ਦੁਹਰਾਇਆ, ਨਾ ਹੀ ਉਸ ਨੂੰ ਦੋਸ਼ੀ ਠਹਿਰਾਉਂਦੇ ਹੋਏ ਝਿੜਕਿਆ। ਬਜਾਇ ਇਸ ਦੇ ਪਰਮੇਸ਼ੁਰ ਨੇ ਖੁਦ ਨੂੰ ਯਾਕੂਬ ਤੇ ਪਰਗਟ ਕੀਤਾ ਅਤੇ ਉਸ ਨੂੰ ਆਸ ਅਤੇ ਜੀਵਨ ਵਿਚ ਇਕ ਨਵੀਂ ਦਿਸ਼ਾ ਦਿੰਦੇ ਹੋਏ, ਆਪਣੇ ਨਾਲ ਉਸ ਨੂੰ ਇਕ ਨਵੇਂ ਜੀਵਨ ਦੀ ਸੰਭਾਵਨਾ ਦੀ ਪੇਸ਼ਕਸ਼ ਕੀਤੀ।

ਜਦੋਂ ਪਰਮੇਸ਼ੁਰ ਨੇ ਸੁਫਨੇ ਵਿਚ ਯਾਕੂਬ ਨਾਲ ਗੱਲ ਕੀਤੀ (28:12), ਉਸ ਨੇ ਆਪਣੇ ਆਪ ਨੂੰ "ਯਹੋਵਾਹ" (ਯਾਹਵੇਹ) ਕਰਕੇ ਪਰਗਟ ਕੀਤਾ, ਅਬਰਾਹਾਮ ਅਤੇ ਇਸਹਾਕ ਦਾ ਪਰਮੇਸ਼ੁਰ (28:13)। ਫਿਰ ਉਸ ਨੇ ਯਾਕੂਬ ਅਤੇ ਉਸ ਦੀ ਅੰਸ ਨੂੰ ਬਰਕਤ ਦੇਣ ਦਾ ਵਾਇਦਾ ਕੀਤਾ। (1) ਯਹੋਵਾਹ ਉਨ੍ਹਾਂ ਨੂੰ ਉਹ ਧਰਤੀ ਦੇਵੇਗਾ ਜਿਸ ਧਰਤੀ ਉੱਤੇ ਉਹ ਪਿਆ ਸੀ (28:13)। (2) ਪੁਰਖੇ ਦੀ ਅੰਸ ਬਹੁਤ ਵਧ ਜਾਵੇਗੀ ਅਤੇ ਸਾਰੀ ਧਰਤੀ ਉੱਤੇ ਫੈਲ ਜਾਵੇਗੀ ਅਤੇ ਅੰਤ ਵਿਚ ਉਨ੍ਹਾਂ ਦੇ ਰਾਹੀਂ ਧਰਤੀ ਦੇ ਸਾਰੇ ਟੱਬਰ ਬਰਕਤ ਪਾਉਣਗੇ (28:14)। (3) ਪਰਮੇਸ਼ੁਰ ਨੇ ਨਿੱਜੀ ਤੌਰ ਤੇ ਯਾਕੂਬ ਦੇ ਅੰਗ ਸੰਗ ਰਹਿਣ ਦਾ ਵਾਇਦਾ ਕੀਤਾ ਸੀ (28:15; ਵੇਖੋ 26:3, 24; 31:3; 46:4; 48:21; ਕੂਚ 3:12)। ਯਹੋਵਾਹ ਨੇ ਯਾਕੂਬ ਨੂੰ ਉਹ ਜਿੱਥੇ ਕਿਤੇ ਵੀ ਜਾਂਦਾ ਉਸ ਦੀ ਸੁਰੱਖਿਆ ਕਰਨ ਅਤੇ ਬਚਾਓ ਕਰਕੇ "ਰਾਖੀ ਕਰਨ" (ਪਹਿਰੇਦਾਰੀ ਕਰਨ) ਦਾ ਵਾਇਦਾ ਕੀਤਾ ਸੀ (28:15; ਵੇਖੋ ਜ਼ਬੂਰ 9:11-16)। ਰੱਬੀ ਵਾਇਦੇ ਵਿਚ ਘਰ ਵਾਪਸ ਆਉਣਾ, ਕਨਾਨ ਦੇ ਦੇਸ ਨੂੰ ਪਰਤਣਾ ਸ਼ਾਮਲ ਸੀ ਜਿੱਥੋਂ ਉਹ ਮੌਜੂਦਾ ਸਮੇਂ ਵਿਚ ਭੱਜ ਰਿਹਾ ਸੀ (28:15)।

ਯਹੋਵਾਹ ਯਾਕੂਬ ਨੂੰ ਨਹੀਂ ਛੱਡੇਗਾ, ਭਾਵੇਂ ਉਸ ਨੂੰ ਆਪਣੇ ਮਿਸ਼ਨ ਨੂੰ ਪੂਰਾ ਕਰਨ ਵਿਚ ਕਿੰਨਾ ਹੀ ਸਮਾਂ ਕਿਉਂ ਨਾ ਲੱਗ ਜਾਵੇ ਜਾਂ ਹਾਲਾਤ ਭਾਵੇਂ ਕਿੰਨੇ ਵੀ ਮੁਸ਼ਕਲ ਕਿਉਂ ਨਾ ਹੋ ਜਾਣ (28:15)। ਬਾਅਦ ਵਿਚ ਇਸਰਾਏਲੀ ਲੋਕ ਇਸ ਗਿਆਨ ਦੁਆਰਾ ਸੰਭਾਲੇ ਗਏ ਸਨ ਕਿ ਪਰਮੇਸ਼ੁਰ ਹਾਰਾਨ ਵਿਚ ਇਨ੍ਹਾਂ ਵੀਹ ਸਾਲਾਂ ਦੌਰਾਨ ਪੁਰਖੇ ਦੇ ਅੰਗ ਸੰਗ ਰਿਹਾ ਸੀ ਭਾਵੇਂ ਕਿ ਲਾਬਾਨ ਨੇ ਉਸ ਦਾ ਨਜਾਇਜ਼ ਫਾਇਦਾ ਉਠਾਇਆ ਸੀ। ਉਨ੍ਹਾਂ ਨੇ ਕਿਹਾ, "ਸੈਨਾਂ ਦਾ ਯਹੋਵਾਹ ਸਾਡੇ ਅੰਗ ਸੰਗ ਹੈ, ਯਾਕੂਬ ਦਾ ਪਰਮੇਸ਼ੁਰ ਸਾਡਾ ਉੱਚਾ ਗੜ੍ਹ ਹੈ" (ਜ਼ਬੂਰ 46:7, 11)।

*ਪਾਪੀ ਦੀ ਪ੍ਰਤੀਕਿਰਿਆ।* ਆਪਣੇ ਸੁਫਨੇ ਤੋਂ ਜਾਗ ਕੇ, ਯਾਕੂਬ ਭੈ ਨਾਲ ਕੰਬ ਗਿਆ ਅਤੇ ਆਖਿਆ "ਸੱਚਮੁੱਚ ਯਹੋਵਾਹ ਏਸ ਅਸਥਾਨ ਵਿੱਚ ਹੈ ਪਰ ਮੈਂ ਨਾ ਜਾਤਾ। ... ਏਹ ਅਸਥਾਨ ਕਿੱਡਾ ਭਿਆਣਕ ਹੈ! ਪਰਮੇਸ਼ੁਰ ਦੇ ਘਰ ਦੇ ਬਿਨਾਂ ਏਹ ਹੋਰ ਅਸਥਾਨ ਨਹੀਂ ਹੈ ਸਗੋਂ ਏਹ ਤਾਂ ਅਕਾਸ਼ ਦੀ ਡੇਉਢੀ ਹੈ" (28:16, 17)। ਬਾਅਦ ਵਿਚ ਬੁੱਧਵਾਨ ਲਿਖੇਗਾ, "ਯਹੋਵਾਹ ਦਾ ਭੈ ਗਿਆਨ ਦਾ ਮੂਲ ਹੈ" (ਕਹਾਉਤਾਂ 1:7) ਅਤੇ ਪਰਮੇਸ਼ੁਰ ਵੱਲੋਂ ਇਹ ਨਾਟਕੀ ਪਰਕਾਸ਼ ਨਾਲ, ਯਾਕੂਬ ਜਿਹੜਾ ਕਿ ਡਰਪੋਕ ਸੀ ਉਸ ਨੇ ਪਰਮੇਸ਼ੁਰ ਦੇ ਵੱਡੇ ਗਿਆਨ ਦੇ ਲਈ ਆਪਣੀ ਜਰੂਰਤ ਨੂੰ ਸਮਝਣਾ ਸ਼ੁਰੂ ਕਰ ਦਿੱਤਾ। ਉਹ ਆਪਣੇ ਭਰਾ ਨੂੰ ਧੋਖਾ ਦੇਣ ਅਤੇ ਆਪਣੇ ਪਿਤਾ ਨੂੰ ਝੂਠ ਬੋਲਣ ਵਿਚ ਆਪਣੇ ਧੋਖੇਬਾਜ਼ੀ ਵਾਲੇ ਵਿਹਾਰ ਤੋਂ ਚੰਗੀ ਤਰ੍ਹਾਂ ਵਾਕਫ ਸੀ, ਪਰ ਸ਼ਾਇਦ ਉਸ ਨੇ ਅਜਿਹੇ ਵਿਹਾਰ ਨੂੰ ਸਹੀ ਠਹਿਰਾਇਆ ਸੀ। ਇਸ ਸ਼ਾਨਦਾਰ ਪਰਕਾਸ਼ ਨੂੰ ਵੇਖਣ ਤੋਂ ਬਾਅਦ, ਹੁਣ ਉਸ ਦੇ ਅੰਦਰ ਇਕ ਸਹੀ ਡਰ ਪੈਦਾ ਹੋ ਗਿਆ ਅਤੇ ਉਸ ਨੇ ਆਪਣੇ ਆਪ ਨੂੰ ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿਚ ਇਕ ਪਾਪੀ ਦੇ ਰੂਪ ਵਿਚ ਵੇਖਣਾ ਸ਼ੁਰੂ ਕਰ ਦਿੱਤਾ। ਪਾਪ ਅਤੇ ਹਲੀਮੀ ਦੇ ਬਾਰੇ ਅਜਿਹਾ ਨਿਸਚੇ ਹਮੇਸ਼ਾ ਉਚਿਤ ਹੁੰਦਾ ਹੈ।[12] ਇਸ ਗੱਲ ਤੋਂ ਹੈਰਾਨ ਹੋ ਕੇ ਕਿ

ਯਹੋਵਾਹ ਲੂਜ਼ ਵਿਚ ਉਸ ਦੇ ਅੰਗ ਸੰਗ ਸੀ, ਯਾਕੂਬ ਨੇ ਇਸ ਧਾਰਣਾ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਕਿ ਕੋਈ ਵੀ ਥਾਂ, ਜਿੱਥੇ ਕਿਤੇ ਯਹੋਵਾਹ ਦੇ ਲੋਕ ਹਨ, "ਪਰਮੇਸ਼ੁਰ ਦਾ ਘਰ" (ਬੈਤੇਏਲ) ਬਣ ਸਕਦਾ ਹੈ। ਆਖ਼ਰਕਾਰ ਉਸ ਨੇ ਆਪਣੇ ਪਿਤਾ ਅਤੇ ਦਾਦੇ ਦੇ ਪਰਮੇਸ਼ੁਰ ਦੇ ਸੁਭਾਅ ਅਤੇ ਪਰਤਾਪ ਨੂੰ ਸਮਝਣਾ ਸ਼ੁਰੂ ਕਰ ਦਿੱਤਾ।

ਸਮਾਂ ਪੂਰਾ ਹੋਣ ਤੇ, ਪਰਮੇਸ਼ੁਰ ਨੇ ਯਿਸੂ ਦੇ ਵਿਅਕਤੀਤਵ ਵਿਚ ਉਸ ਦੇ ਪਰਤਾਪ ਦੇ ਆਖ਼ਰੀ ਪਰਗਟਾਵੇ ਨੂੰ ਦਿਖਾਇਆ। ਪਰਮੇਸ਼ੁਰ ਆਪਣੇ ਪਰਤਾਪ ਨੂੰ ਇਸ ਤਰੀਕੇ ਨਾਲ ਢੱਕ ਰਿਹਾ ਸੀ ਕਿ ਉਹ ਸਿਰਫ ਇਕ ਸਧਾਰਣ ਮਨੁੱਖ ਜਾਪਦਾ ਸੀ; ਫਿਰ ਵੀ, ਯਿਸੂ ਅਸਧਾਰਣ ਸੀ ਅਤੇ ਉਹ ਇਕ ਮਨੁੱਖ ਨਾਲੋਂ ਵੱਧ ਕੇ ਸੀ। ਉਹ ਪਰਮੇਸ਼ੁਰ ਦੇ ਪੁੱਤਰ ਦਾ ਅਵਤਾਰ ਸੀ (ਯੂਹੰਨਾ 1:49)। ਆਪਣੀ ਸੇਵਕਾਈ ਦੌਰਾਨ, ਉਸ ਨੇ ਬਹੁਤ ਸਾਰੇ ਚਮਤਕਾਰ ਕੀਤੇ ਜੋ ਕਿ ਉਸ ਦੀ ਪਹਿਚਾਣ ਦੀ ਗਵਾਹੀ ਦਿੰਦੇ ਸਨ (ਰਸੂਲਾਂ ਦੇ ਕਰਤੱਬ 2:22; 10:38)। ਇਕ ਮੌਕੇ, ਜਦੋਂ ਯਿਸੂ ਨੇ ਕਾਨਾ ਦੇ ਗਲੀਲ ਵਿਚ ਪਾਣੀ ਨੂੰ ਮੈ ਬਣਾਇਆ, ਲਿਖਤ ਕਹਿੰਦੀ ਹੈ ਕਿ ਇਹ ਚਮਤਕਾਰ ਵਿਖਾ ਕੇ "ਉਸ ਨੇ ਆਪਣਾ ਤੇਜ ਪਰਗਟ ਕੀਤਾ" (ਯੂਹੰਨਾ 2:11)।

ਜਿਵੇਂ "ਉਸ [ਪਰਮੇਸ਼ੁਰ] ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼" (ਇਬਰਾਨੀਆਂ 1:3), ਯਿਸੂ ਪ੍ਰੇਮੀ ਪਿਤਾ ਦੇ ਦਿਲ ਨੂੰ ਪਰਗਟ ਕਰਨ ਦੇ ਲਈ ਜਗਤ ਵਿਚ ਆਇਆ ਜਿਹੜਾ ਹਮੇਸ਼ਾ ਨਾਸ ਹੋ ਰਹੇ ਲੋਕਾਂ ਨੂੰ ਬਚਾਉਣਾ ਚਾਹੁੰਦਾ ਹੈ (ਲੂਕਾ 15:1-32; 19:1-10)। ਖੁਸ਼ਖ਼ਬਰੀ ਦੀ ਬੁਲਾਹਟ ਸਾਰੇ ਲੋਕਾਂ ਦੇ ਲਈ ਸੀ, ਭਾਵੇਂ ਉਨ੍ਹਾਂ ਕੋਲ ਕਿੰਨਾ ਵੀ ਧਨ ਦੌਲਤ ਹੋਵੇ, ਉਨ੍ਹਾਂ ਦਾ ਸਮਾਜਕ ਰੁਤਬਾ, ਜਾਂ ਧਾਰਮਿਕ ਅਹੁਦਾ ਕੋਈ ਵੀ ਕਿਉਂ ਨਾ ਹੋਵੇ; ਪਰ ਯਿਸੂ ਨੇ ਆਪਣੀ ਸੇਵਕਾਈ ਦਾ ਜ਼ਿਆਦਾਤਰ ਸਮਾਂ ਆਮ ਲੋਕਾਂ ਵਿਚ ਬਿਤਾਇਆ ਸੀ (ਲੂਕਾ 7:36-50; ਯੂਹੰਨਾ 9:1-41)। ਯਿਸੂ ਨੇ ਉਨ੍ਹਾਂ ਦੀ ਸੇਵਾ ਕਰਕੇ, ਭੂਤਾਂ ਨੂੰ ਕੱਢ ਕੇ, ਬਿਮਾਰਾਂ ਨੂੰ ਚੰਗਾ ਕਰਕੇ ਅਤੇ ਪਾਪੀਆਂ ਦੇ ਜੀਵਨਾਂ ਨੂੰ ਬਰਕਤ ਦੇ ਕੇ ਪਰਮੇਸ਼ੁਰ ਦੇ ਤੇਜ ਨੂੰ ਪਰਗਟ ਕੀਤਾ (ਮਰਕੁਸ 1:21-2:17)।

ਇਹ ਸਭ ਪਰਧਾਨ ਜਾਜਕਾਂ, ਗ੍ਰੰਥੀਆਂ ਅਤੇ ਫ਼ਰੀਸੀਆਂ ਸਮੇਤ ਯਹੂਦੀ ਵਿਸ਼ੇਸ਼ ਵਰਗ ਦੇ ਲਈ ਚੌਂਕਾ ਦੇਣ ਵਾਲੀ ਗੱਲ ਸੀ; ਪਰ ਇਹ ਕੰਮ ਪਰਮੇਸ਼ੁਰ ਦੇ ਬਚਾਉਣ ਵਾਲੇ "ਪਿਆਰ" (ਯੂਹੰਨਾ 3:16) ਜਾਂ "ਵਡਿਆਈ" (ਯੂਹੰਨਾ 12:23, 28; 2 ਕੁਰਿੰਥੀਆਂ 3:18) ਦੇ ਵੱਡੇ ਉਦਾਹਰਣ ਦੇ ਲਈ ਪੂਰਵ ਸੂਚਨਾਵਾਂ ਸਨ ਜਿਵੇਂ ਕਿ ਸਲੀਬ ਉੱਤੇ ਯਿਸੂ ਦੀ ਮੌਤ ਵਿਚ ਵਿਖਾਇਆ ਗਿਆ ਹੈ (ਯੂਹੰਨਾ 12:31-33; 2 ਕੁਰਿੰਥੀਆਂ 5:19-21)। ਜੇਕਰ ਓਦਾਂ ਹੋਇਆ ਸੀ, ਯਿਸੂ ਨੇ ਆਪਣੀ ਸਵੈ-ਇੱਛਾ ਨਾਲ ਜਗਤ ਦੇ ਪਾਪਾਂ ਦੇ ਲਈ "ਨਿਸਤਾਰੇ ਦੇ ਮੁੱਲ" ਅਦਾ ਕਰਨ ਲਈ ਆਪਣੀ ਜਾਨ ਦਿੱਤੀ ਸੀ (ਮਰਕੁਸ 10:45; ਫ਼ਿਲਿੱਪੀਆਂ 2:5-8)। ਚੰਗੇ ਅਤੇ ਨੇਕ ਦਿਲ ਲੋਕਾਂ ਨੇ ਉਸ ਨੂੰ ਨਿਹਚਾ, ਆਗਿਆਕਾਰੀ ਅਤੇ ਬੰਦਗੀ ਨਾਲ ਜਵਾਬ ਦਿੱਤਾ। ਇਹ ਲੋਕਾਂ ਦੀ ਇਕ ਸੁਭਾਵਕ ਪ੍ਰਤੀਕਿਰਿਆ ਸੀ ਜਿਨ੍ਹਾਂ ਦੇ ਜੀਵਨ ਉਸ ਦੀ ਦਯਾ ਅਤੇ ਕਿਰਪਾ ਦੇ ਰਾਹੀਂ ਹਮੇਸ਼ਾ ਦੇ ਲਈ ਬਦਲ ਗਏ ਸਨ (ਮੱਤੀ 28:9, 17; ਯੂਹੰਨਾ 9:38; ਰਸੂਲਾਂ ਦੇ ਕਰਤੱਬ 2:22-42)।

ਲੂਜ਼ ਵਿਚ ਪਰਮੇਸ਼ੁਰ ਦੇ ਤੇਜ ਦੇ ਪਰਕਾਸ਼ ਦੇ ਪ੍ਰਤੀ ਯਾਕੂਬ ਦਾ ਜਵਾਬ ਯਿਸੂ ਦੇ ਚੇਲਿਆਂ ਦੇ ਜਵਾਬ ਵਰਗਾ ਹੀ ਸੀ ਅਤੇ ਇਹ ਉਤਪਤ 12:7, 8; 22:1-18; 26:1-5, 24, 25 ਵਿਚ ਉਸ ਦੇ ਪਿਉ ਦਾਦਿਆਂ ਦੇ ਜਵਾਬਾਂ ਨਾਲ ਮੇਲ ਖਾਂਦਾ ਸੀ (ਵੇਖੋ ਰਸੂਲਾਂ ਦੇ ਕਰਤੱਬ 7:2)। ਜਦੋਂ

ਪਰਮੇਸ਼ੁਰ ਨੇ ਯਾਕੂਬ ਨੂੰ ਬਰਕਤ ਦੇਣ, ਉਸ ਦੇ ਅੰਗ ਸੰਗ ਰਹਿਣ ਅਤੇ ਉਸ ਨੂੰ ਅਤੇ ਉਸ ਦੀ ਅੰਸ ਨੂੰ ਸੰਭਾਲ ਕੇ ਰੱਖਣ ਦੀ ਆਪਣੀ ਇੱਛਾ ਦੀ ਖੁਸ਼ਖ਼ਬਰੀ ਨੂੰ ਪਰਗਟ ਕੀਤਾ, ਉਸ ਦੇ ਸੰਦੇਸ਼ ਨੇ ਇਸ ਜਿੱਦੀ ਮਨੁੱਖ ਅੰਦਰ ਨਿਹਚਾ, ਸਮਰਪਣ ਅਤੇ ਬੰਦਗੀ ਦਾ ਜਵਾਬ ਉਤਪੰਨ ਕੀਤਾ। ਯਾਕੂਬ ਨੂੰ ਯਕੀਨ ਹੋ ਗਿਆ ਕਿ ਉਹ ਹੁਣ ਤੱਕ ਅਯੋਗ ਅਤੇ ਸੁਆਰਥੀ ਰਿਹਾ ਸੀ, ਉਸ ਦਾ ਜੀਵਨ ਪਰਮੇਸ਼ੁਰ ਦੀ ਯੋਜਨਾ ਦੇ ਅਨੁਸਾਰ ਉਸ ਨੂੰ ਧਰਤੀ ਦੇ ਸਾਰੇ ਟੱਬਰਾਂ ਦੇ ਲਈ ਬਰਕਤਾਂ ਦਾ ਕਾਰਣ ਬਣਾਉਣ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ (28:13-15)।

ਪਹਿਲੀ ਵਾਰ, ਯਾਕੂਬ ਨੇ ਆਪਣੀ ਸੋਚ ਨੂੰ ਮੁੜ ਤੋਂ ਅਨੁਕੂਲ ਬਣਾਉਣਾ ਸ਼ੁਰੂ ਕੀਤਾ। ਧੰਨਵਾਦ ਅਤੇ ਬੰਦਗੀ ਦੀ ਆਪਣੀ ਪ੍ਰਤੀਕਿਰਿਆ ਵਿਚ ਉਸ ਨੇ ਉਹ ਪੱਥਰ ਲਿਆ ਜੋ ਉਸ ਨੇ ਸਰਹਾਣੇ ਲਈ ਰੱਖਿਆ ਸੀ ਅਤੇ ਉਸ ਨੂੰ ਇਕ ਯਾਦਗਾਰੀ ਥੰਮ੍ਹ ਦੇ ਰੂਪ ਵਿਚ ਖੜ੍ਹਾ ਕਰ ਦਿੱਤਾ। ਉਸ ਨੇ ਉਹ ਦੇ ਉੱਤੇ ਤੇਲ ਡੋਹਲਿਆ ਅਤੇ ਇਸ ਨੂੰ "ਬੈਤਏਲ" ("ਪਰਮੇਸ਼ੁਰ ਦੇ ਘਰ") ਦੇ ਨਾਉਂ ਨਾਲ ਪਵਿੱਤਰ ਕੀਤਾ। ਇਸ ਤੋਂ ਬਾਅਦ, ਫਿਰ ਉਸ ਨੇ ਪਰਮੇਸ਼ੁਰ ਦੇ ਅੱਗੇ ਸਮਰਪਣ ਕੀਤਾ। ਜੇਕਰ ਉਸ ਨੂੰ ਉਹ ਸਾਰੀਆਂ ਬਰਕਤਾਂ ਮਿਲ ਗਈਆਂ ਜਿਨ੍ਹਾਂ ਦਾ ਯਹੋਵਾਹ ਨੇ ਉਸ ਨੂੰ ਵਾਇਦਾ ਦਿੱਤਾ ਸੀ, ਤਾਂ ਉਹ ਉਸ ਦੀ ਬੰਦਗੀ ਅਤੇ ਸੇਵਾ ਕਰੇਗਾ। ਉਹ ਬੈਤਏਲ ਨੂੰ ਬੰਦਗੀ ਦਾ ਇਕ ਖਾਸ ਥਾਂ ਬਣਾਵੇਗਾ ਅਤੇ ਵਾਪਸ ਪਰਮੇਸ਼ੁਰ ਨੂੰ ਆਪਣੀਆਂ ਬਰਕਤਾਂ ਦਾ ਦਸਵੰਧ ਦੇਵੇਗਾ, ਜਿਸ ਨੇ ਉਸ ਨੂੰ ਉਹ ਸਭ ਕੁਝ ਦਿੱਤਾ ਸੀ (28:18-22)। ਫਿਰ ਵੀ, "ਭਈ ਜੇ" ਵਾਲੇ ਸਮਰਪਣ ਕਰਦਿਆਂ, ਯਾਕੂਬ ਪਰਮੇਸ਼ੁਰ ਨਾਲ ਸੌਦੇਬਾਜੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਸਮਰਪਣ ਅਤੇ ਬੰਦਗੀ ਦਾ ਸਭ ਤੋਂ ਉੱਚਾ ਰੂਪ ਨਹੀਂ ਸੀ, ਪਰ ਘੱਟੋ-ਘੱਟੋ ਇਹ ਇਕ ਸ਼ੁਰੂਆਤ ਸੀ। ਹਰ ਕੋਈ ਜੋ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨਾ ਚੁਣਦਾ ਹੈ ਉਸ ਨੂੰ ਨਵੀਆਂ ਪ੍ਰਾਥਮਿਕਤਾਵਾਂ ਅਤੇ ਜੀਵਨਸ਼ੈਲੀਆਂ ਨੂੰ ਵਿਕਸਤ ਕਰਨ ਦੇ ਲਈ ਜੱਦੋ-ਜਹਿਦ ਕਰਨੀ ਪੈਂਦੀ ਹੈ।

### ਯਿਸੂ, ਸੁਰਗ ਨੂੰ ਜਾਣ ਵਾਲੀ ਸਾਡੀ ਪੌੜੀ (28:12)

ਯਿਸੂ ਉਨ੍ਹਾਂ ਵਾਇਦਿਆਂ ਦੀ ਆਖ਼ਰੀ ਪੂਰਤੀ ਹੈ ਜੋ ਯਾਕੂਬ ਦੀ ਪੌੜੀ ਨਾਲ ਜੁੜੇ ਹੋਏ ਹਨ। ਯੂਹੰਨਾ ਨੇ ਲਿਖਿਆ ਹੈ ਕਿ ਯਿਸੂ ਨਾਲ ਉਨ੍ਹਾਂ ਦੀ ਪਹਿਲੀ ਮੁਲਾਕਾਤ ਤੋਂ ਪਹਿਲਾਂ, ਯਿਸੂ ਨਥਾਨੀਏਲ ਨੂੰ ਜਾਣਦਾ ਸੀ ਅਤੇ ਉਸ ਨੂੰ ਪਤਾ ਸੀ ਕਿ ਉਹ ਕਿਸ ਤਰ੍ਹਾਂ ਦਾ ਵਿਅਕਤੀ ਹੈ ਅਤੇ ਉਹ ਉਸ ਦੇ ਮਨ ਦੇ ਵਿਚਾਰਾਂ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਸੀ। ਇਹ ਨੌਜਵਾਨ ਹੈਰਾਨ ਰਹਿ ਗਿਆ ਅਤੇ ਉਸ ਨੇ ਯਿਸੂ ਨੂੰ ਪਰਮੇਸ਼ੁਰ ਦਾ ਪੁੱਤਰ ਅਤੇ ਇਸਰਾਏਲ ਦਾ ਰਾਜਾ ਮੰਨ ਕੇ ਆਪਣੀ ਨਿਹਚਾ ਦਾ ਇਕਰਾਰ ਕੀਤਾ। ਜਵਾਬ ਵਿਚ, ਪ੍ਰਭੂ ਨੇ ਉਸ ਨੂੰ ਆਖਿਆ, "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਤੁਸੀਂ ਅਕਾਸ਼ ਨੂੰ ਖੁੱਲ੍ਹਾ ਅਤੇ ਪਰਮੇਸ਼ੁਰ ਦੇ ਦੂਤਾਂ ਨੂੰ ਮਨੁੱਖ ਦੇ ਪੁੱਤ੍ਰ ਉੱਤੇ ਚੜ੍ਹਦੇ ਅਤੇ ਉੱਤਰਦੇ ਵੇਖੋਗੇ" (ਯੂਹੰਨਾ 1:51)। ਯਿਸੂ ਸੁਰਗ ਅਤੇ ਧਰਤੀ ਨੂੰ ਜੋੜਨ ਵਾਲੀ ਅਸਲੀ ਕੜੀ ਹੈ।

ਉੱਪਰਲੇ ਕਮਰੇ ਵਿਚ ਆਪਣੇ ਚੇਲਿਆਂ ਨਾਲ ਪਸਾਹ ਨੂੰ ਮਨਾਉਣ ਤੋਂ ਬਾਅਦ, ਯਿਸੂ ਨੇ ਉਨ੍ਹਾਂ ਨੂੰ ਆਖਿਆ ਕਿ ਮੈਂ ਤੁਹਾਡੇ "ਜਗ੍ਹਾ ਤਿਆਰ ਕਰਨ ਵਾਸਤੇ" ਪਿਤਾ ਦੇ ਘਰ (ਸੁਰਗ) ਜਾਂਦਾ ਹਾਂ (ਯੂਹੰਨਾ 14:2)। ਉਸ ਨੇ ਆਖਿਆ, "ਜਿੱਥੇ ਮੈਂ ਜਾਂਦਾ ਹਾਂ ਤੁਸੀਂ ਉਹ ਦਾ ਰਾਹ ਜਾਣਦੇ ਹੋ"; ਪਰ ਥੋਮਾ ਨੇ ਇਤਰਾਜ਼ ਜਤਾਇਆ, "ਪ੍ਰਭੂ ਜੀ ਸਾਨੂੰ ਇਹੋ ਪਤਾ ਨਹੀਂ ਤੂੰ ਕਿੱਥੇ ਜਾਂਦਾ ਹੈ, ਫੇਰ

ਰਾਹ ਕਿੱਕੁਰ ਜਾਣੀਏ?" (ਯੂਹੰਨਾ 14:4, 5)। ਉਦੋਂ ਹੀ ਯਿਸੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ "ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ ਹੈ" (ਯੂਹੰਨਾ 14:6)। ਸਿਰਫ ਯਿਸੂ ਹੀ ਪਰਮੇਸ਼ੁਰ ਵੱਲ ਨੂੰ ਜਾਣ ਵਾਲਾ "ਰਾਹ" (ਪੌੜੀ) ਹੈ।

**"ਪਰਮੇਸ਼ੁਰ ਦਾ ਘਰ" (28:16, 17)**

ਲੂਜ਼ ਵਿਚ ਯਾਕੂਬ ਦੇ ਉਸ ਪੌੜੀ ਦਾ ਸੁਫਨਾ ਵੇਖਣ ਤੋਂ ਬਾਅਦ ਜੋ ਜਿਸ ਦੀ ਚੋਟੀ ਅਕਾਸ਼ ਤੀਕ ਸੀ, ਉਸ ਨੇ ਇਹ ਸਿੱਟਾ ਕੱਢਿਆ, "ਸੱਚਮੁੱਚ ਯਹੋਵਾਹ ਏਸ ਅਸਥਾਨ ਵਿੱਚ ਹੈ ਪਰ ਮੈਂ ਨਾ ਜਾਤਾ।" ਫਿਰ ਉਸ ਨੇ ਉੱਚੀ ਅਵਾਜ਼ ਵਿਚ ਆਖਿਆ, "ਏਹ ਅਸਥਾਨ ਕਿੱਡਾ ਭਿਆਣਕ ਹੈ। ਪਰਮੇਸ਼ੁਰ ਦੇ ਘਰ ਦੇ ਬਿਨਾਂ ਏਹ ਹੋਰ ਅਸਥਾਨ ਨਹੀਂ ਹੈ ਸਗੋਂ ਏਹ ਤਾਂ ਅਕਾਸ਼ ਦੀ ਡੇਉਢੀ ਹੈ" (28:16, 17)। ਉਸ ਨੇ ਆਪਣੇ ਜੀਵਨ ਵਿਚ ਪਰਮੇਸ਼ੁਰ ਦੀ ਹਜ਼ੂਰੀ ਨੂੰ ਸਮਝਣਾ ਸ਼ੁਰੂ ਕਰ ਦਿੱਤਾ। ਆਪਣੇ ਜੀਵਨ ਦੇ ਅੰਤ ਦੇ ਨੇੜੇ ਪਹੁੰਚ ਕੇ, ਪੁਰਖਾ ਇਹ ਗਵਾਹੀ ਦੇ ਸਕਦਾ ਸੀ ਕਿ ਪਰਮੇਸ਼ੁਰ ਜੀਵਨਭਰ ਉਸ ਦਾ ਅਯਾਲੀ ਰਿਹਾ ਸੀ (48:15)। ਸੱਚਮੁੱਚ, ਪਰਮੇਸ਼ੁਰ ਦੇ ਲੋਕ ਜਿੱਥੇ ਕਿਤੇ ਵੀ ਹਨ, ਪਰਮੇਸ਼ੁਰ ਉਨ੍ਹਾਂ ਦੇ ਅੰਗ ਸੰਗ ਹੈ।

ਜਦੋਂ ਤੱਕ ਇਸਰਾਏਲ ਦੀ ਕੌਮ ਨੇ ਲਾਲ ਸਮੁੰਦਰ ਪਾਰ ਨਹੀਂ ਕੀਤਾ ਅਤੇ ਸੀਨਈ ਪਹਾੜ ਤੱਕ ਨਹੀਂ ਗਏ, ਉਹ ਸੱਚਮੁੱਚ ਇਸ ਸੱਚਾਈ ਨੂੰ ਨਹੀਂ ਸਮਝੇ ਕਿ ਪਰਮੇਸ਼ੁਰ ਨੇ "ਬੱਦਲ ਦੇ ਥੰਮ੍ਹ" ਅਤੇ "ਅੱਗ ਦੇ ਥੰਮ੍ਹ" ਨਾਲ ਉਨ੍ਹਾਂ ਦੀ ਉਨ੍ਹਾਂ ਦੇ ਸਫਰ ਵਿਚ ਅਗਵਾਈ ਕੀਤੀ ਸੀ (ਕੂਚ 13:21, 22; 14:19, 24)। ਉਜਾੜ ਵਿਚ ਚਾਲ੍ਹੀ ਵਰਹੇ ਭਟਕਦਿਆਂ, ਇਹੀ ਅੱਗ ਅਤੇ ਬੱਦਲ ਤੰਬੂ ਉੱਤੇ ਖੜੇ ਰਹੇ ਅਤੇ ਇਸਰਾਏਲ ਲੋਕਾਂ ਦੀ ਵਾਇਦੇ ਦੇ ਦੇਸ ਤੱਕ ਉਨ੍ਹਾਂ ਦੇ ਸਫਰ ਵਿਚ ਅਗਵਾਈ ਕੀਤੀ (ਕੂਚ 29:42-46; 40:34-38)।

ਬਾਅਦ ਵਿਚ ਵੀ, ਸੁਲੇਮਾਨ ਦਾ ਭਵਨ ਬਣਨ ਦੇ ਨਾਲ, "ਯਹੋਵਾਹ ਦਾ ਤੇਜ" ਸਪੱਸ਼ਟ ਸੀ ਕਿਉਂਕਿ "ਬੱਦਲ ਨੇ ਯਹੋਵਾਹ ਦੇ ਭਵਨ ਨੂੰ ਐਉਂ ਭਰ ਦਿੱਤਾ ਕਿ ਜਾਜਕ ਬੱਦਲ ਦੇ ਕਾਰਨ ਉਪਾਸਨਾ ਕਰਨ ਲਈ ਖਲੋ ਨਾ ਸੱਕੇ" ਅਤੇ ਆਪਣੇ ਕਰਤੱਵ ਨਹੀਂ ਨਿਭਾ ਸਕੇ (1 ਰਾਜਿਆਂ 8:10, 11)। ਤਰਾਸਦੀ ਇਹ ਸੀ ਕਿ ਇਸਰਾਏਲੀ ਲੋਕਾਂ ਨੇ ਹੌਲੀ-ਹੌਲੀ ਉਸ ਭਵਨ ਅਤੇ ਜੋ ਬੰਦਗੀ ਉਹ ਉੱਥੇ ਕਰਦੇ ਸਨ ਉਸ ਦੇ ਪ੍ਰਤੀ ਅੰਧ-ਵਿਸ਼ਵਾਸੀ ਰਵੱਈਏ ਵਿਕਸਤ ਕਰ ਲਏ। ਉਨ੍ਹਾਂ ਨੇ ਪਰਮੇਸ਼ੁਰ ਦੀ ਬਜਾਇ ਭਵਨ ਤੇ ਭਰੋਸਾ ਕਰਨਾ ਸ਼ੁਰੂ ਕਰ ਦਿੱਤਾ। ਉਹ ਸੋਚਦੇ ਸਨ ਕਿ ਭਾਵੇਂ ਉਹ ਕਿੰਨੇ ਹੀ ਪਾਪ ਕਿਉਂ ਨਾ ਕਰਨ ਜਿਵੇਂ ਕਿ ਮੂਰਤੀਪੂਜਾ, ਪਵਿੱਤਰ ਵੇਸਵਾਪਣ ਅਤੇ ਸਗੋਂ ਬੱਚਿਆਂ ਦੀਆਂ ਬਲੀਆਂ, ਪਰਮੇਸ਼ੁਰ ਉਨ੍ਹਾਂ ਦੇ ਸੰਗ ਰਹੇਗਾ। ਉਨ੍ਹਾਂ ਦਾ ਮੰਨਣਾ ਸੀ ਕਿ ਜਿੰਨੀ ਚਿਰ ਤੱਕ ਉਹ ਪਰਮੇਸ਼ੁਰ ਦੇ ਭਵਨ ਵਿਚ ਬੰਦਗੀ ਕਰਦੇ ਰਹਿਣਗੇ, ਯਹੋਵਾਹ ਯਰੂਸ਼ਲਮ ਜਾਂ ਉਸ ਦੇ ਭਵਨ ਨੂੰ ਨਾਸ ਨਹੀਂ ਹੋਣ ਦੇਵੇਗਾ (ਯਿਰਮਿਯਾਹ 7:1-15)।

ਅਜਿਹੀ ਸੋਚ ਦੇ ਕਾਰਣ, ਯਰੂਸ਼ਲਮ ਵਿਚ ਲੋਕਾਂ ਨੇ ਨਬੀਆਂ ਦੀਆਂ ਦਲੀਲਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਆਪਣੇ ਦਿਲਾਂ ਨੂੰ ਕਠੋਰ ਕਰ ਲਿਆ ਅਤੇ ਆਪਣੇ ਪਾਪਾਂ ਤੋਂ ਮੁੜਨ ਤੋਂ ਇਨਕਾਰ ਕਰ ਦਿੱਤਾ। ਜਦੋਂ ਯਹੂਦਾਹ ਦੇ ਰਾਜ ਅਤੇ ਇਸ ਦੀ ਰਾਜਧਾਨੀ ਦੇ ਲਈ ਸਮਾਂ ਖਤਮ ਹੋ ਰਿਹਾ ਸੀ, ਨਗਰ ਵਿਚ ਯਹੂਦੀ ਹਾਲੇ ਵੀ ਸੁਰੱਖਿਅਤ ਸਨ ਕਿਉਂਕਿ ਉਨ੍ਹਾਂ ਨੂੰ ਝੂਠਾ ਭਰੋਸਾ ਸੀ ਕਿ ਯਹੋਵਾਹ ਉਸ ਦੇ ਪਵਿੱਤਰ ਸ਼ਹਿਰ ਜਾਂ ਹੈਕਲ ਨੂੰ ਕੁਝ ਨਹੀਂ ਹੋਣ ਦੇਵੇਗਾ। ਦਰਅਸਲ,

ਉਨ੍ਹਾਂ ਨੇ ਆਪਣੇ ਯਹੂਦੀ ਭਰਾਵਾਂ ਦਾ ਮਜਾਕ ਉਡਾਇਆ ਜਿਨ੍ਹਾਂ ਨੂੰ ਬਾਬਲ ਦੀ ਅਸੀਰੀ ਵਿਚ ਲਿਜਾਇਆ ਜਾ ਚੁੱਕਾ ਸੀ, ਇਹ ਕਹਿੰਦੇ ਹੋਏ ਕਿ ਉਹ “ਯਹੋਵਾਹ ਤੋਂ ਦੂਰ ਹੋ ਗਏ” ਸਨ ਅਤੇ ਇਹ ਦਾਅਵਾ ਕਰਦਿਆਂ ਕਿ ਜਿਹੜੇ ਹਾਲੇ ਵੀ ਯਰੂਸ਼ਲਮ ਵਿਚ ਉਸ ਧਰਤੀ ਉੱਤੇ ਸੁਰੱਖਿਅਤ ਸਨ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ “ਵਿਰਸੇ ਵਿਚ” ਦਿੱਤੀ ਸੀ (ਹਿਜ਼ਕੀਏਲ 11:15)।

ਉਸ ਸਮੇਂ, ਬਾਬਲ ਵਿਚ ਯਹੂਦੀ ਲੋਕਾਂ ਦੇ ਲਈ ਪਰਮੇਸ਼ੁਰ ਦਾ ਆਸ ਦਾ ਸੰਦੇਸ਼ ਇਹ ਸੀ ਕਿ ਉਹ ਉਨ੍ਹਾਂ ਦਾ “ਪਵਿੱਤਰ ਅਸਥਾਨ” (מִקְדָּשׁ, *ਮਿਕਦਾਸ਼,* “ਪਵਿੱਤਰ ਅਸਥਾਨ” ਜਾਂ “ਮੰਦਿਰ”; ਹਿਜ਼ਕੀਏਲ 11:16[13]) ਸੀ, ਭਾਵੇਂ ਕਿ ਉਹ ਆਪਣੇ ਘਰ ਤੋਂ ਦੂਰ ਉਸ ਓਪਰੇ ਦੇਸ ਵਿਚ ਸਨ। ਪੁਰਾਣੇ ਨੇਮ ਵਿਚ, ਮਿਕਦਾਸ਼ ਸ਼ਬਦ ਕਈ ਵਾਰ ਉਜਾੜ ਵਿਚ ਤੰਬੂ (ਕੂਚ 25:8, 9; ਲੇਵੀਆਂ 12:4; 19:30; 20:3) ਅਤੇ ਯਰੂਸ਼ਲਮ ਵਿਚ ਭਵਨ (1 ਇਤਹਾਸ 22:19; 28:10; 2 ਇਤਹਾਸ 20:8; ਨਹਮਯਾਹ 10:39) ਦੇ ਲਈ ਵਰਤਿਆ ਗਿਆ ਹੈ। ਬਾਬਲ ਦੇ ਦੂਰ ਦੇਸ ਵਿਚ ਇਸਰਾਏਲੀਆਂ ਦੇ ਯਹੋਵਾਹ ਦਾ ਸੰਦੇਸ਼ ਉਹੀ ਸੀ ਜੋ ਪਹਿਲੇ ਇਸਰਾਏਲੀ ਯਾਕੂਬ ਦੇ ਲਈ ਸੀ, ਜਦੋਂ ਉਹ ਉੱਤਰੀ-ਪੱਛਮੀ ਮਸੋਪੋਤਾਮੀਆ ਵੱਲ ਨੂੰ ਜਾ ਰਿਹਾ ਸੀ: ਤੁਸੀਂ ਭਾਵੇਂ ਕਿਤੇ ਵੀ ਹੋਵੋ, ਅਸਲ ਵਿਚ “ਪਰਮੇਸ਼ੁਰ ਦਾ ਘਰ” (ਭਵਨ) ਉੱਥੇ ਹੀ ਹੁੰਦਾ ਹੈ ਜਿੱਥੇ ਉਸ ਦੇ ਲੋਕ ਹੁੰਦੇ ਹਨ ਕਿਉਂਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਅੰਗ ਸੰਗ ਰਹਿਣ ਦਾ ਵਾਇਦਾ ਜੋ ਦਿੱਤਾ ਹੈ (26:3, 24; 28:15)।

ਯਾਕੂਬ ਦਾ ਸੁਫਨਾ ਅਤੇ ਹਿਜ਼ਕੀਏਲ ਦਾ ਦਰਸ਼ਣ ਤਦ ਤੱਕ ਪੂਰਾ ਨਹੀਂ ਸੀ ਹੋਇਆ ਜਦੋਂ ਤੱਕ ਪਰਮੇਸ਼ੁਰ ਨੇ ਆਪਣੇ ਆਪ ਨੂੰ ਯਿਸੂ ਦੇ ਵਿਅਕਤੀਤਵ ਵਿਚ ਪਰਗਟ ਨਹੀਂ ਸੀ ਕੀਤੀ। ਯੂਹੰਨਾ ਨੇ ਕਿਹਾ, “ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ” (ਯੂਹੰਨਾ 1:1)। ਫਿਰ, ਯਿਸੂ ਦੇ ਦੇਹ ਧਾਰਣ ਬਾਰੇ ਗੱਲ ਕਰਦਿਆਂ, ਰਸੂਲ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, “ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ [‘ਡੇਰਾ ਲਾਇਆ’[14]] ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ” (ਯੂਹੰਨਾ 1:14)।

ਪਰਮੇਸ਼ੁਰ ਦੇ ਤੇਜ ਦਾ ਇਹ ਪ੍ਰਗਟਾਵਾ ਉਸ ਪ੍ਰਗਟਾਵੇ ਤੋਂ ਬਿਲਕੁਲ ਹੀ ਵੱਖਰੀ ਕਿਸਮ ਦਾ ਸੀ ਜਿਸ ਦਾ ਅਨੁਭਵ ਇਸਰਾਏਲ ਨੇ ਸੀਨਈ ਪਹਾੜ ਦੇ ਥੱਲੇ ਗੱਜਾਂ ਅਰ ਲਿਸ਼ਕਾਂ ਵਿਚ ਕੀਤਾ ਸੀ (ਕੂਚ 19:16-18)। ਨਾ ਹੀ ਇਹ ਯਹੋਵਾਹ ਦੀ ਹਜ਼ੂਰੀ ਦੇ ਅੰਨ੍ਹਾ ਕਰ ਦੇਣ ਵਾਲੇ ਤੇਜ ਵਰਗਾ ਸੀ, ਜਿਸ ਤੋਂ ਯਹੋਵਾਹ ਨੂੰ ਮੂਸਾ ਨੂੰ ਬਚਾ ਕੇ ਰੱਖਣਾ ਪਿਆ ਕਿ ਕਿਤੇ ਉਹ ਮਰ ਨਾ ਜਾਵੇ (ਕੂਚ 33:20-23)। ਨਾ ਹੀ ਇਹ ਸਗੋਂ ਮੂਸਾ ਦੇ ਚਿਹਰੇ ਦੀ ਚਮਕ ਵਰਗਾ ਸੀ, ਜਦੋਂ ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚੋਂ ਪਹਾੜ ਤੋਂ ਥੱਲੇ ਉੱਤਰਿਆ। ਅਜਿਹੇ ਤੇਜ ਨਾਲ ਇਸਰਾਏਲੀ ਲੋਕ ਡਰ ਗਏ ਅਤੇ ਮੂਸਾ ਨੂੰ ਉਨ੍ਹਾਂ ਦੇ ਨਾਲ ਗੱਲ ਕਰਨ ਦੇ ਲਈ ਆਪਣੇ ਉੱਤੇ ਪੜਦਾ ਪਾਉਣਾ ਪਿਆ (ਕੂਚ 34:29-34)।

ਪਰਮੇਸ਼ੁਰ ਧਰਤੀ ਉੱਤੇ ਯਿਸੂ ਦੀ ਸੇਵਕਾਈ ਦੌਰਾਨ ਉਸ ਦੇ ਵਿਅਕਤੀਤਵ ਵਿਚ ਖਾਸ ਤਰੀਕੇ ਨਾਲ ਚੇਲਿਆ ਦੇ ਅੰਗ ਸੰਗ ਸੀ। ਫਿਰ, ਉਸ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਾਅਦ ਜਦੋਂ ਉਹ ਉਨ੍ਹਾਂ ਨੂੰ ਖੁਸ਼ਖ਼ਬਰੀ ਦਾ ਪਰਚਾਰ ਕਰਨ ਦੇ ਲਈ ਵੈਰੀ ਸੰਸਾਰ ਵਿਚ ਭੇਜਣ ਵਾਲਾ ਸੀ (ਮਰਕੁਸ 16:15, 16), ਯਿਸੂ ਨੇ ਉਨ੍ਹਾਂ ਨੂੰ ਇਹ ਵਾਇਦਾ ਦਿੱਤਾ: “ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ” (ਮੱਤੀ 28:20)। ਕਾਫੀ ਸਾਲਾਂ ਬਾਅਦ, ਜਦੋਂ ਯਹੂਦੀ ਮਸੀਹੀ ਲੋਕ

ਸਤਾਓ ਦਾ ਸਾਹਮਣਾ ਕਰ ਰਹੇ ਸਨ, ਇਬਰਾਨੀਆਂ ਦੇ ਲੇਖਕ ਨੇ ਉਨ੍ਹਾਂ ਨੂੰ ਪ੍ਰਭੂ ਦੀ ਵੱਲੋਂ ਦਿੱਤੇ ਗਏ ਇਕ ਹੋਰ ਵਾਇਦੇ ਬਾਰੇ ਚੇਤੇ ਕਰਾਇਆ, "ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ" (ਇਬਰਾਨੀਆਂ 13:5)। ਉਸ ਨੇ ਉਨ੍ਹਾਂ ਨੂੰ ਇਹ ਲਿਖਣ ਦੁਆਰਾ ਉਤਸ਼ਾਹਿਤ ਕੀਤਾ, "ਯਿਸੂ ਮਸੀਹ ਕੱਲ ਅਤੇ ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ" (ਇਬਰਾਨੀਆਂ 13:8)।

**ਬਦਲਾਅ ਅਤੇ ਸਮਰਪਣ (28:18-22)**

ਯਿਸੂ ਦੇ ਚੇਲਿਆਂ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਉਨ੍ਹਾਂ ਦੇ ਜੀਵਨ ਕਿਵੇਂ ਬਦਲ ਸਕਦੇ ਹਨ ਜਾਂ ਚੇਲੇਪਣ ਦੀ ਕੀਮਤ ਕੀ ਹੋਵੇਗੀ ਜਦੋਂ ਉਹ ਯਿਸੂ ਦੇ ਪਿੱਛੇ ਚੱਲਣਾ ਸ਼ੁਰੂ ਕਰਨਗੇ। ਹਾਲਾਂਕਿ ਉਨ੍ਹਾਂ ਨੇ ਉਸ ਦੇ ਪ੍ਰਤੀ ਆਪਣੇ ਸਮਰਪਣ ਦਾ ਵਰਣਨ "ਜੇ ... ਤਾਂ" ਵਾਕ ਖੰਡ ਨਾਲ ਨਹੀਂ ਸੀ ਕੀਤਾ, ਜਿਵੇਂ ਕਿ ਯਾਕੂਬ ਨੇ ਬੈਤਏਲ ਵਿਚ ਕੀਤਾ ਸੀ, ਉਨ੍ਹਾਂ ਨੇ ਯਿਸੂ ਦੇ ਰਾਜ ਵਿਚ ਨਿਸ਼ਚਤ ਤੌਰ ਤੇ ਧਨ ਅਤੇ ਅਧਿਕਾਰ ਦੇ ਅਹੁਦਿਆਂ ਦਾ ਇਨਾਮ ਵੱਢਣ ਦੀ ਉਮੀਦ ਕੀਤੀ ਸੀ (ਮੱਤੀ 19:23-30; 20:20-28)। ਇਸ ਲਈ, ਉਹ ਅਕਸਰ ਉਸ ਦੀ ਜਨਤਕ ਸੇਵਕਾਈ ਦੌਰਾਨ ਪ੍ਰਭੂ ਦੇ ਕੰਮਾਂ ਅਤੇ ਸਿੱਖਿਆਵਾਂ ਦੇ ਨਤੀਜਿਆਂ ਤੋਂ ਪਰੇਸ਼ਾਨ ਅਤੇ ਡਰੇ ਰਹਿੰਦੇ ਸਨ। ਉਹ ਜਾਣਦੇ ਸਨ ਕਿ ਉਸ ਦਾ ਸ਼ੁੱਧ ਜੀਵਨ ਅਤੇ ਪਰਮੇਸ਼ੁਰ ਦੀ ਬਿਵਸਥਾ ਬਾਰੇ ਉਸ ਦੀ ਵਿਆਖਿਆ ਗ੍ਰੰਥੀਆਂ ਅਤੇ ਫ਼ਰੀਸੀਆਂ ਦਾ ਵਿਰੋਧ ਕਰੇਗੀ ਕਿਉਂਕਿ ਇਹ ਉਨ੍ਹਾਂ ਦੇ ਕਪਟ ਨੂੰ ਉਜਾਗਰ ਕਰਦੀ ਸੀ (ਮੱਤੀ 5:1-7:29; 23:1-39; ਮਰਕੁਸ 2:1-12)। ਹੌਲੀ-ਹੌਲੀ, ਉਹ ਇਸ ਸੱਚਾਈ ਤੋਂ ਜਾਣੂ ਹੋ ਗਏ ਕਿ ਪਰਧਾਨ ਜਾਜਕਾਂ ਅਤੇ ਯਹੂਦੀ ਲੋਕਾਂ ਦੇ ਆਗੂਆਂ ਨੇ ਯਿਸੂ ਨੂੰ ਆਪਣੇ ਅਹੁਦਿਆਂ ਦੇ ਲਈ ਇਕ ਖ਼ਤਰੇ ਦੇ ਰੂਪ ਵਿਚ ਵੇਖਿਆ ਜੋ ਉਨ੍ਹਾਂ ਦੀ ਕੌਮ ਉੱਤੇ ਰੋਮ ਦੇ ਕਰੋਧ ਨੂੰ ਲਿਆ ਸਕਦਾ ਸੀ (ਯੂਹੰਨਾ 7:14-32; 8:48-59; 11:7-10, 45-53)।

ਜਦੋਂ ਯਿਸੂ ਨੇ ਆਪਣੇ ਚੇਲਿਆਂ ਨੂੰ ਯਰੂਸ਼ਲਮ ਵਿਚ ਯਹੂਦੀ ਆਗੂਆਂ ਦੇ ਹੱਥੋਂ ਆਪਣੀ ਹੋਣ ਵਾਲੀ ਮੌਤ ਦੇ ਬਾਰੇ ਪਹਿਲਾਂ ਤੋਂ ਆਗਾਹ ਕਰ ਦਿੱਤਾ, ਤਾਂ ਉਹ ਹੱਕੇ ਬੱਕੇ ਰਹਿ ਗਏ ਅਤੇ ਇਹ ਵਿਸ਼ਵਾਸ ਹੀ ਨਹੀਂ ਕਰ ਸਕੇ ਕਿ ਅਸਲ ਵਿਚ ਮਸੀਹਾ ਨਾਲ ਨਾਲ ਇਸ ਤਰ੍ਹਾਂ ਦੀ ਗੱਲ ਹੋ ਸਕਦੀ ਹੈ। ਸਗੋਂ ਪਤਰਸ ਨੇ ਇਹ ਕਹਿੰਦੇ ਹੋਏ ਯਿਸੂ ਨੂੰ ਝਿੜਕਿਆ ਕਿ "ਪ੍ਰਭੂ ਜੀ ਪਰਮੇਸ਼ੁਰ ਏਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ" (ਮੱਤੀ 16:22)। ਜਦੋਂ ਯਿਸੂ ਨੂੰ ਗਿਰਫਤਾਰ ਕਰ ਲਿਆ ਗਿਆ, ਉਹ ਸਾਰੇ ਰਾਤ ਦੇ ਸਮੇਂ ਉਸ ਨੂੰ ਛੱਡ ਕੇ ਭੱਜ ਗਏ (ਮਰਕੁਸ 14:50)। ਉਨ੍ਹਾਂ ਨੇ ਯਹੂਦੀਆਂ ਦੇ ਡਰ ਦੇ ਮਾਰੇ ਬੂਹੇ ਬੰਦ ਕਰ ਲਏ ਅਤੇ ਆਪਣੇ ਆਪ ਨੂੰ ਅੰਦਰ ਲੁਕਾ ਛੱਡਿਆ (ਯੂਹੰਨਾ 20:19)। ਇਹ ਸਿਰਫ ਯਿਸੂ ਦਾ ਜੀ ਉੱਠਣਾ ਸੀ ਜਿਸ ਨੇ ਇਨ੍ਹਾਂ ਡਰਪੋਕ ਮਨੁੱਖਾਂ ਨੂੰ ਉਨ੍ਹਾਂ ਸ਼ਕਤੀਸ਼ਾਲੀ ਗਵਾਹਾਂ ਵਿਚ ਤਬਦੀਲ ਕਰ ਦਿੱਤਾ ਜਿਹੜੇ – ਸਤਾਓ ਅਤੇ ਮੌਤ ਦੀ ਧਮਕੀ ਮਿਲਣ ਦੇ ਬਾਅਦ ਵੀ – ਇਹ ਪਰਚਾਰ ਕਰਨੋਂ ਨਹੀਂ ਹਟੇ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਅਤੇ ਜਗਤ ਦਾ ਮੁਕਤੀਦਾਤਾ ਹੈ (ਰਸੂਲਾਂ ਦੇ ਕਰਤੱਬ 4:1-12; 5:27-32; 7:51-8:3; 12:1-5)। ਉਨ੍ਹਾਂ ਦੇ ਜੀਵਨਾਂ ਦਾ ਵਰਣਨ ਜੀਉਂਦੀ ਨਿਹਚਾ ਦੀ ਜਿੱਤ ਵਿਚ ਬੰਦਗੀ ਅਤੇ ਸੇਵਾ ਦੁਆਰਾ ਹੁੰਦਾ ਸੀ ਅਤੇ ਮਰਦੇ-ਮਰਦੇ ਵੀ, ਉਨ੍ਹਾਂ ਨੇ ਉਸ ਦੀ ਪ੍ਰਭੂ ਦੀ ਤੌਰ ਤੇ ਉਸਤਤ ਕੀਤੀ (ਰਸੂਲਾਂ ਦੇ ਕਰਤੱਬ 7:59, 60)।

## ਟਿੱਪਣੀਆਂ

[1]"ਪਦਨ-ਅਰਾਮ" ਨੂੰ ਉੱਤਰ-ਪੱਛਮ ਮਸੋਪੋਤਾਮੀਆ ਦੇ ਇਲਾਕੇ ਦੇ ਲਈ ਇਕ ਹੋਰ ਨਾਮ ਸਮਝਿਆ ਜਾਂਦਾ ਹੈ ਜੋ 24:10 ਵਿਚ "ਅਰਾਮ ਨਾਹੋਰੇਮ" ਹੈ (NIV)। ਫਿਰ ਵੀ, ਕੁਝ ਲੋਕ ਸੋਚਦੇ ਹਨ ਕਿ ਇਹ ਹਾਰਾਨ ਨਗਰ ਦਾ ਵਿਕਲਪਿਕ ਨਾਮ ਹੈ। (ਵੇਨ ਟੀ. ਪਿਟਾਰਡ ਦੀ ਪੁਸਤਕ *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਏਲ ਫਰੀਡਮੈਨ [ਨਿਊ ਯਾਰਕ: ਡੱਬਲਡੇਅ, 1992], 5:55 ਵਿਚ "ਪਦਨ-ਅਰਾਮ" ਹੈ। [2]ਪਰਮੇਸ਼ੁਰ ਦਾ ਇਹ ਨਾਮ ਉਸ ਦੀ ਅਜਿੱਤ ਸ਼ਕਤੀ ਤੇ ਜ਼ੋਰ ਦਿੰਦਾ ਪ੍ਰਤੀਤ ਹੁੰਦਾ ਹੈ (ਵੇਖੋ 17:1; ਕੂਚ 6:3)। [3]ਪ੍ਰਾਚੀਨ ਹਾਰਾਨ ਦੀ ਥਾਂ ਬਲੀਹ ਨਦੀ ਦੇ ਕਿਨਾਰੇ ਤੇ ਇਕ ਉਪਨਦੀ ਜੋ ਦੱਖਣ ਤੋਂ ਵਹਿੰਦੀ ਹੈ ਅਤੇ ਫਰਾਤ ਦਰਿਆ ਵਿਚ ਜਾ ਮਿਲਦੀ ਹੈ, ਅੱਜ ਦੇ ਸਮੇਂ ਦੇ ਤੁਰਕੀ ਅਤੇ ਸੀਰੀਆ ਵਿਚਕਾਰਲੀ ਸੀਮਾ ਦੇ ਨੇੜੇ ਹੈ। [4]ਪ੍ਰਾਚੀਨ ਸਮਿਆਂ ਵਿਚ, ਸਿਰਹਾਣੇ ਬਹੁਤ ਹੀ ਸਖਤ ਹੋਣਗੇ। ਇਨ੍ਹਾਂ ਵਿੱਚੋਂ ਕੁਝ ਮਿਸਰ ਵਿਚ ਪਾਏ ਗਏ ਹਨ ਜੋ ਕਿ ਪੱਥਰ, ਧਾਤੂ ਜਾਂ ਲੱਕੜੀ ਦੇ ਬਣੇ ਹੋਏ ਸਨ। ਉਦਾਹਰਣ ਦੇ ਲਈ, ਐਲਫਰਡ ਜੇ. ਹੋਰਥ ਦੀ ਪੁਸਤਕ *ਆਰਕੀਓਲਿਜੀ ਐਂਡ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1998) ਵਿਚ ਸਫ਼ਾ 112 ਤੇ ਫੋਟੋ ਵੇਖੋ। [5]ਆਰ. ਕੇ. ਹੈਰੀਸਨ ਦੀ ਪੁਸਤਕ *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧਿਆ ਸੰਸਕਰਣ, ਸੰਪਾ. ਜੀਓਫਰੀ ਡਬਲਿਯੂ. ਬਰੋਮਿਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1986), 3:60 ਵਿਚ "ਪੌੜੀ" ਹੈ। [6]ਪ੍ਰਾਚੀਨ ਲੋਕਾਂ ਦਾ ਮੰਨਣਾ ਸੀ ਕਿ ਮੀਨਾਰ ਅਕਾਸ਼ ਅਤੇ ਧਰਤੀ ਨੂੰ ਜੋੜਨ ਵਾਲੀ ਇਕ ਕੜੀ ਸੀ। ਨਵੇਂ ਸਾਲ ਦੇ ਦਿਨ ਅਤੇ ਸ਼ਾਇਦ ਹੋਰ ਖਾਸ ਮੌਕਿਆਂ ਤੇ, ਰਾਜਿਆਂ ਅਤੇ ਜਾਜਕਾਂ ਦਾ ਜਲੂਸ ਆਪਣੇ ਦੇਵਤਿਆਂ ਦੀ ਪੂਜਾ ਕਰਨ ਦੇ ਲਈ ਪੌੜੀਆਂ ਤੇ ਚੜ੍ਹ ਕੇ ਉਨ੍ਹਾਂ ਦੇ ਮੀਨਾਰਾਂ ਦੀ ਟੀਸੀ ਤੇ ਬਣੇ ਮੰਦਿਰਾਂ ਵਿਚ ਪਹੁੰਚਦਾ ਸੀ। ਜਦੋਂ ਉਨ੍ਹਾਂ ਦੀਆਂ ਰਸਮਾਂ ਪੂਰੀਆਂ ਹੋ ਜਾਂਦੀਆਂ ਸਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੋ ਜਾਂਦਾ ਸੀ ਕਿ ਉਨ੍ਹਾਂ ਨੇ ਆਪਣੀਆਂ ਭੇਟਾਂ ਨਾਲ ਉਨ੍ਹਾਂ ਦੇ ਦੇਵਤਿਆਂ ਨੂੰ ਪ੍ਰਸੰਨ ਕੀਤਾ ਹੈ, ਤਾਂ ਉਹ ਉਨ੍ਹਾਂ ਪੌੜੀਆਂ ਥਾਣੀਂ ਨਗਰ ਵਿਚ ਉੱਤਰ ਆਉਂਦੇ ਸਨ ਅਤੇ ਇਹੋ ਆਸ ਕਰਦੇ ਸਨ ਕਿ ਉਹ ਨਵੇਂ ਸਾਲ ਦੀਆਂ ਭਰਪੂਰ ਬਰਕਤਾਂ ਦਾ ਅਨੰਦ ਮਾਣਨਗੇ। [7]ਵਿਕਟਰ ਪੀ. ਹੈਮਿਲਟਨ ਦੀ ਪੁਸਤਕ *ਦ ਬੁਕ ਆਫ਼ ਜੈਨੇਸਿਸ: ਚੈਪਟਰਸ 18-50*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 241. [8]ਉਤਪਤ ਦੀ ਪੁਸਤਕ ਬਹੁਤ ਸਾਰੇ ਤਰੀਕਿਆਂ ਦਾ ਵਰਣਨ ਕਰਦੀ ਹੈ ਜਿਨ੍ਹਾਂ ਨਾਲ ਉਨ੍ਹਾਂ ਨੇ ਇਸ ਉਦੇਸ਼ ਨੂੰ ਪੂਰਾ ਕੀਤਾ ਸੀ (12:2, 3; 14:13-24; 17:4-8; 22:17, 18; 25:11; 26:2-4, 12-14, 24, 28, 29)। [9]ਅਬਰਾਹਾਮ ਨੇ ਯਹੋਵਾਹ ਦੇ ਲਈ ਇਕ ਜਗਵੇਦੀ ਬਣਾਈ ਅਤੇ ਕਈ ਵਰਿਹਾਂ ਤੱਕ ਉਸ ਇਲਾਕੇ (ਬੈਤਏਲ ਦੇ ਲਹਿੰਦੇ ਪਾਸੇ) ਵਿਚ ਯਹੋਵਾਹ ਦਾ ਨਾਮ ਲਿਆ (12:8)। ਫਿਰ ਵੀ, ਯਾਕੂਬ ਸ਼ਾਇਦ ਉਸ ਰਾਤ ਬੈਤਏਲ ਦੇ ਨੇੜੇ ਇਕ ਵੱਖਰੀ ਥਾਂ ਤੇ ਠਹਿਰਿਆ (ਜਦੋਂ ਉਹ ਉੱਤਰ ਵੱਲ ਨੂੰ ਸਫਰ ਕਰ ਰਿਹਾ ਸੀ)। ਸ਼ਾਇਦ ਉਸ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ ਕਿ ਉਸ ਦੇ ਦਾਦੇ ਨੇ ਉਸ ਇਲਾਕੇ ਵਿਚ ਬੰਦਗੀ ਕੀਤੀ ਸੀ ਅਤੇ ਉਸ ਦਾ ਬਾਅਦ ਸ਼ਾਇਦ ਉੱਥੇ ਕੋਈ ਜਗਵੇਦੀ ਨਹੀਂ ਸੀ। [10]ਇਨ੍ਹਾਂ ਵਿੱਚੋਂ ਜ਼ਿਆਦਾਤਰ ਸ਼ਰਤਾਂ ਦਾ ਪਰਮੇਸ਼ੁਰ ਦੁਆਰਾ 28:15 ਵਿਚ ਪਹਿਲਾਂ ਤੋਂ ਵਾਇਦਾ ਦਿੱਤਾ ਗਿਆ ਸੀ। ਸੰਖੇਪ ਵਿਚ, ਯਾਕੂਬ ਪਰਮੇਸ਼ੁਰ ਨੂੰ ਕਹਿ ਰਿਹਾ ਸੀ, "ਜੇਕਰ ਤੂੰ ਮੇਰੇ ਨਾਲ ਆਪਣੇ ਵਾਇਦਿਆਂ ਨੂੰ ਪੂਰਾ ਕਰੇਂਗਾ, ਇਹ ਹੈ ਜੋ ਮੈਂ ਤੇਰੇ ਲਈ ਕਰਾਂਗਾ।"

[11]ਜਦੋਂ ਪਰਮੇਸ਼ੁਰ ਯਾਕੂਬ ਨੂੰ ਕਨਾਨ ਵਿਚ ਵਾਪਸ ਲੈ ਆਇਆ, ਉਸ ਨੇ ਉਸ ਨੂੰ ਬੈਤਏਲ ਵਿਚ ਇਕ ਜਗਵੇਦੀ ਬਣਾਉਣ ਦੀ ਹਦਾਇਤ ਦਿੱਤੀ (35:1)। ਸੰਭਵ ਤੌਰ ਤੇ, ਯਾਕੂਬ ਨੇ ਉੱਥੇ ਆਪਣੇ ਇੱਜੜ ਅਤੇ ਮਾਲ ਡੰਗਰਾਂ ਵਿੱਚੋਂ ਜਾਨਵਰਾਂ ਦੀ ਬਲੀ ਦੁਆਰਾ ਦਸਵੰਧ ਦੇਣ ਦੀ ਆਪਣੀ ਸੁੱਖਣਾ ਨੂੰ ਪੂਰਾ ਕੀਤਾ ਸੀ (35:7)। [12]ਇਹ ਮੂਸਾ (ਕੂਚ 3:6), ਇਸਰਾਏਲ (ਕੂਚ 19:16), ਗਿਦਾਊਨ (ਨਿਆਈਆਂ 6:22, 23), ਸਮਸੂਨ ਦੇ ਮਾਪਿਆਂ (ਨਿਆਈਆਂ 13:20-22), ਯਸਾਯਾਹ (ਯਸਾਯਾਹ 6:5) ਅਤੇ ਪਤਰਸ (ਲੂਕਾ 5:8, 9) ਦਿਆਂ ਉਦਾਹਰਣਾਂ ਵਿਚ ਸਪੱਸ਼ਟ ਹੈ। [13]ਥੋਮਸ ਈ. ਮੈਕਕੋਮਿਸਕੀ, "*ਯੰਤ੍ਰਕ੍ਰਮ੍ਰ*," *TWOT* ਵਿਚ, 2:789. [14]ਅਨੁਵਾਦ ਕੀਤਾ ਗਿਆ "ਵੱਸਿਆ" ਸ਼ਬਦ ਨਾਂਵ σκηνή (*ਸਕੀਨ*, "ਤੰਬੂ") ਦਾ ਕਿਰਿਆ ਰੂਪ ਹੈ।